
People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610

ਪਟਿਆਲਾ



"Equality and Justice"

स्वतंत्रता, समानता, भाईचारा

PATIALA On line paper 09 ਸਤੰਬਰ 2025 ਮੰਗਲਵਾਰ "ਰੋਜ਼ਾਨਾ" ਪੰਜਵਾਂ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

# ਨੇਪਾਲ ਦੀ ਰਾਜਧਾਨੀ ਵਿੱਚ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਪਾਬੰਦੀ ਲਗਾਉਣ ਦੇ ਸਰਕਾਰ ਦੇ ਫੈਸਲੇ ਖ਼ਿਲਾਫ਼ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਸਤੰਬਰ INTERNATIONAL PAPER, 94636 01616 hardipchumber57@gmail.com

ਨੇਪਾਲ ਦੀ ਰਾਜਧਾਨੀ ਅਤੇ ਕੁਝ ਹੋਰ ਇਲਾਕਿਆਂ ਵਿੱਚ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਪਾਬੰਦੀ ਲਗਾਉਣ ਦੇ ਸਰਕਾਰ ਦੇ ਫੈਸਲੇ ਖ਼ਿਲਾਫ਼ ਪ੍ਰਦਰਸ਼ਨਕਾਰੀ ਨੌਜਵਾਨਾਂ ਤੇ ਪੁਲੀਸ ਵਿਚਾਲੇ ਹੋਈ ਝੜਪ ਦੌਰਾਨ ਘੱਟੋ-ਘੱਟ 15 ਜਣੇ ਮਾਰੇ ਗਏ, ਜਦਕਿ ਦਰਜਨਾਂ ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੂੰ ਸਥਿਤੀ 'ਤੇ ਕਾਬੂ ਪਾਉਣ ਲਈ ਕਾਠਮੰਡੂ ਵਿੱਚ ਫ਼ੌਜ ਤਾਇਨਾਤ ਕਰਨੀ ਪਈ।

ਪ੍ਰਾਪਤ ਜਾਣਕਾਰੀ ਮੁਤਾਬਕ ਹਜ਼ਾਰਾਂ ਨੌਜਵਾਨ, ਸਕੂਲੀ ਵਿਦਿਆਰਥੀ GEN-Z ਦੇ ਬੈਨਰ ਹੇਠ ਕਾਠਮੰਡੂ 'ਚ ਸੰਸਦ ਦੇ ਸਾਹਮਣੇ ਇਕੱਠੇ ਹੋਏ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਉਨ੍ਹਾਂ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਲਾਈ ਪਾਬੰਦੀ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ।

ਇਸ ਦੌਰਾਨ ਜਦੋਂ ਕੁੱਝ ਪ੍ਰਦਰਸ਼ਨਕਾਰੀ ਸੰਸਦ ਵਿੱਚ ਦਾਖ਼ਲ ਹੋਣ ਲੱਗੇ ਤਾਂ ਭੀੜ




ਬੇਕਾਬੂ ਹੋ ਗਈ। ਪੁਲੀਸ ਨੇ ਸੰਸਦ ਵਿੱਚ ਦਾਖ਼ਲ ਹੋਏ ਪ੍ਰਦਰਸ਼ਨਕਾਰੀਆਂ ਨੂੰ ਖਦੇੜਣ ਲਈ ਲਾਠੀਚਾਰਜ ਕੀਤਾ, ਅੱਥਰੂ ਗੈਸ ਦੇ ਗੋਲੇ ਤੇ ਰਬੜ ਦੀਆਂ ਗੋਲੀਆਂ ਦਾਗ਼ੀਆਂ।

ਹਸਪਤਾਲ ਦੀਆਂ ਰਿਪੋਰਟਾਂ ਦੇ ਹਵਾਲਾ ਨਾਲ ਇੱਕ ਅਖਬਾਰ ਨੇ ਰਿਪੋਰਟ ਦਿੱਤੀ ਕਿ ਕਾਠਮੰਡੂ ਵਿੱਚ ਪ੍ਰਦਰਸ਼ਨ ਦੌਰਾਨ 14 ਜਣੇ ਮਾਰੇ ਗਏ। ਮ੍ਰਿਤਕਾਂ ਵਿੱਚ ਟਰੋਮਾ ਸੈਂਟਰ ਵਿੱਚ ਛੇ, ਸਿਵਲ ਹਸਪਤਾਲ ਵਿੱਚ ਤਿੰਨ, ਐਵਰੈਸਟ ਹਸਪਤਾਲ ਵਿੱਚ ਤਿੰਨ, ਕਾਠਮੰਡੂ ਮੈਡੀਕਲ ਕਾਲਜ (ਕੇਐੱਮਸੀ) ਵਿੱਚ ਇੱਕ ਅਤੇ ਤ੍ਰਿਭੁਵਨ ਯੂਨੀਵਰਸਿਟੀ ਟੀਚਿੰਗ ਹਸਪਤਾਲ ਵਿੱਚ ਇੱਕ ਸ਼ਾਮਲ ਹੈ।

ਸਿਹਤ ਮੰਤਰਾਲੇ ਦੇ ਸੂਤਰਾਂ ਮੁਤਾਬਕ GEN-Z ਪ੍ਰਦਰਸ਼ਨਾਂ 'ਚ ਮਰਨ ਵਾਲਿਆਂ ਦੀ ਗਿਣਤੀ 14 ਤੱਕ ਪਹੁੰਚ ਗਈ ਹੈ। ਨੇਪਾਲ ਪੁਲੀਸ ਦੇ ਬੁਲਾਰੇ ਨੇ ਕਿਹਾ ਕਿ ਦੋ ਸੁਰੱਖਿਆ ਕਰਮਚਾਰੀਆਂ ਸਣੇ 42 ਲੋਕ ਜ਼ਖਮੀ ਹੋਏ ਹਨ ਅਤੇ ਇਸ ਸਮੇਂ ਕਾਠਮੰਡੂ ਦੇ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।

ਫ਼ੌਜੀ ਅਧਿਕਾਰੀਆਂ ਨੇ ਦੱਸਿਆ ਕਿ ਸਥਿਤੀ 'ਤੇ ਕਾਬੂ ਪਾਉਣ ਲਈ ਫ਼ੌਜ ਤਾਇਨਾਤ ਕਰ ਦਿੱਤੀ ਗਈ ਹੈ। ਹਿੰਸਾ ਤੋਂ ਬਾਅਦ ਸਥਾਨਕ ਪ੍ਰਸ਼ਾਸਨ ਨੇ ਰਾਜਧਾਨੀ ਦੇ ਕਈ ਹਿੱਸਿਆਂ ਵਿੱਚ ਕਰਫਿਊ ਲਗਾ ਦਿੱਤਾ ਹੈ। ਇਸ ਮਗਰੋਂ ਕਈ ਹੋਰ ਜ਼ਿਲ੍ਹਿਆਂ ਵਿੱਚ ਵੀ ਰੋਹ ਭਖ਼ ਗਿਆ।

ਕਾਠਮੰਡੂ ਜ਼ਿਲ੍ਹਾ ਪ੍ਰਸ਼ਾਸਨ ਨੇ ਅਸ਼ਾਂਤੀ ਨੂੰ ਰੋਕਣ ਲਈ ਸੰਸਦ ਭਵਨ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਦੁਪਹਿਰ 12:30 ਵਜੇ ਤੋਂ ਰਾਤ 10:00 ਵਜੇ ਤੱਕ ਪਾਬੰਦੀ ਲਾ ਦਿੱਤੀ ਹੈ।

ਮੁੱਖ ਜ਼ਿਲ੍ਹਾ ਅਧਿਕਾਰੀ ਛਬੀ ਲਾਲ ਰਿਜਲ ਨੇ ਇੱਕ ਨੋਟਿਸ ਵਿੱਚ ਕਿਹਾ, "ਪਾਬੰਦੀਸ਼ੁਦਾ ਖੇਤਰ ਵਿੱਚ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਆਵਾਜਾਈ, ਪ੍ਰਦਰਸ਼ਨ, ਮੀਟਿੰਗ, ਇਕੱਠ ਜਾਂ ਧਰਨਾ ਦੇਣ ਦੀ ਇਜਾਜ਼ਤ ਨਹੀਂ ਹੋਵੇਗੀ।"

ਜ਼ਿਕਰਯੋਗ ਹੈ ਕਿ ਸਰਕਾਰ ਨੇ ਵੀਰਵਾਰ ਨੂੰ 26 ਸੋਸ਼ਲ ਮੀਡੀਆ ਪਲੈਟਫਾਰਮ ਫੇਸਬੁੱਕ, ਵਟਸਐਪ, ਐਕਸ, ਇੰਸਟਾਗ੍ਰਾਮ ਅਤੇ ਯੂਟਿਊਬ 'ਤੇ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨਾਲ ਰਜਿਸਟਰ ਕਰਨ ਵਿੱਚ ਅਸਫ਼ਲ ਰਹਿਣ 'ਤੇ ਪਾਬੰਦੀ ਲਗਾ ਦਿੱਤੀ ਸੀ।

ਹਾਲਾਂਕਿ ਸਰਕਾਰ ਨੇ ਆਪਣਾ ਰੁਖ਼ ਸਪੱਸ਼ਟ ਕੀਤਾ ਹੈ ਕਿ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ ਨਿਯਮਤ ਕਰਨ ਲਈ ਪਾਬੰਦੀ ਲਗਾਈ ਗਈ ਸੀ ਪਰ ਲੋਕਾਂ ਵਿੱਚ ਇਹ ਧਾਰਨਾ ਆਮ ਹੈ ਕਿ ਇਸ ਨਾਲ ਬੋਲਣ ਦੀ ਆਜ਼ਾਦੀ 'ਤੇ ਹਮਲਾ ਹੋਵੇਗਾ ਅਤੇ ਇਸ ਨਾਲ ਸੈਂਸਰਸ਼ਿਪ ਲੱਗ ਸਕਦੀ ਹੈ।

# ਹੜ੍ਹਾਂ ਦੇ ਝੰਬੇ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇਗੀ ਸਰਕਾਰ; ਕੈਬਨਿਟ ਵੱਲੋਂ 'ਜਿਸ ਦਾ ਖੇਤ, ਉਸ ਦਾ ਰੇਤ' ਨੂੰ ਹਰੀ ਝੰਡੀ

## ਸਹਿਕਾਰੀ ਬੈਂਕਾਂ ਦੇ ਕਰਜ਼ੇ ਲਈ ਕਿਸ਼ਤ ਵਿਚ ਛੇ ਮਹੀਨੇ ਲਈ ਮਿਲੇਗੀ ਛੋਟ; ਪਸ਼ੂਆਂ ਤੇ ਹੋਰ ਜਾਨਵਰਾਂ ਦੇ ਨੁਕਸਾਨ ਦਾ ਵੀ ਮਿਲੇਗਾ ਮੁਆਵਜ਼ਾ; ਬਿਮਾਰੀਆਂ ਦੀ ਰੋਕਥਾਮ ਲਈ ਚਲਾਈ ਜਾਵੇਗੀ ਵਿਸ਼ੇਸ਼ ਟੀਕਾਕਰਨ ਮੁਹਿੰਮ; ਪ੍ਰਭਿਾਤ ਇਲਾਕਿਆਂ 'ਚ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਜਾਵੇਗੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਸਤੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਮੁਹਾਲੀ ਦੇ ਨਿੱਜੀ ਹਸਪਤਾਲ



ਵਿੱਚੋਂ ਵੀਡੀਓ ਕਾਨਫਰੰਸਿੰਗ ਰਾਹੀਂ ਕੈਬਨਿਟ ਮੀਟਿੰਗ ਵਿੱਚ ਹਿੱਸਾ ਲਿਆ ਗਿਆ। ਪੰਜਾਬ ਵਜ਼ਾਰਤ ਨੇ ਅੱਜ ਦੀ ਮੀਟਿੰਗ ਵਿੱਚ ਹੜ੍ਹ ਪ੍ਰਭਾਵਿਤ ਇਲਾਕੇ ਦੇ ਕਿਸਾਨਾਂ ਨੂੰ 20 ਹਜ਼ਾਰ

ਬਾਕੀ ਖਬਰ ਅਗਲੇ ਸਫੇ ਤੇ

# ਬਸਪਾ ਦੇ ਸੂਬਾ ਪ੍ਰਧਾਨ ਡਾ ਕਰੀਮਪੁਰੀ ਵੱਲੋਂ ਸਮਰਾਲੀ ਕਲੋਨੀ ਸਤਲੁਜ ਬੰਨ ਦਾ ਦੌਰਾ

## ਰੇਤ ਮਾਫੀਆ ਸਮੇਤ ਸਰਕਾਰ ਦੀਆਂ ਨਲਾਇਕੀਆਂ ਨੂੰ ਦੱਸਿਆ ਮੌਜੂਦਾ ਸਥਿਤੀ ਲਈ ਜਿੰਮੇਵਾਰ, ਲੋਕਾਂ ਦੀ ਹਿੰਮਤ ਦੀ ਕੀਤੀ ਸ਼ਰਾਹਣਾ, ਕੇਂਦਰ ਤੇ ਪੰਜਾਬ ਸਰਕਾਰ ਦਾ ਰਵੱਈਆ ਇੱਕੋ ਜਿਹਾ, ਜਨਤਾ ਦੀ ਸਾਰ ਲੈਣ ਦੀ ਬਜਾਏ ਸਿਆਸਤ ਨੂੰ ਤਰਜੀਹ : ਕਰੀਮਪੁਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਸਤੰਬਰ INTERNATIONAL PAPER, 94636 01616 hardipchumber57@gmail.com

ਲੁਧਿਆਣਾ () ਪੰਜਾਬ ਭਰ 'ਚ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪਾਰਟੀ ਪੱਧਰ 'ਤੇ ਰਾਹਤ ਸਗੱਗਰੀ ਭੇਜਣ ਵਾਲੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਸੰਸਦ ਮੈਂਬਰ ਨੇ ਹਲਕਾ ਸਾਹਨੇਵਾਲ ਦੇ ਇੰਚਾਰਜ ਰਿਟਾ: ਸੀਨੀਅਰ ਬੈਂਕ ਮੈਨੇਜਰ ਜਗਤਾਰ ਸਿੰਘ ਭਾਮੀਆਂ ਨੂੰ ਨਾਲ ਲੈਕੇ ਸਮਰਾਲੀ ਕਲੋਨੀ ਸਤਲੁਜ ਬੰਨ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਲੋਕਾਂ ਅਤੇ ਫੌਜ ਵੱਲੋਂ ਸਤਲੁਜ ਦੇ ਪਹਿਲੇ ਬੰਨ ਨੂੰ ਬਚਾਉਣ ਅਤੇ ਉਸ ਦੇ ਟੁੱਟਣ ਤੋਂ ਬਾਅਦ ਨਵਾਂ ਰਿੰਗ ਬੰਨ ਬਣਾਉਣ 'ਚ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਰਾਹਣਾ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਲੋਕ ਖੁਦ ਹਿੰਮਤ ਨਾ ਕਰਦੇ ਅਤੇ ਸ਼ਾਸਨ ਪ੍ਰਸ਼ਾਸਨ ਦੇ ਸਿਰ 'ਤੇ ਬੈਠੇ ਰਹਿੰਦੇ ਤਾਂ ਅੱਜ ਨੂੰ ਪੂਰਾ ਇਲਾਕਾ ਸਤਲੁਜ ਦਰਿਆ ਦੇ ਪਾਣੀ ਦੀ ਮਾਰ ਹੇਠ ਆ ਕੇ ਤਬਾਹ ਹੋ ਜਾਣਾ ਸੀ। ਉਨ੍ਹਾਂ ਕਿਹਾ ਕਿ ਲੋਕਾਂ ਨੇ ਪਹਿਲਾਂ ਅਪਣਾ ਬਚਾਅ ਖੁਦ ਕੀਤਾ ਹੈ ਅਤੇ ਬਾਅਦ 'ਚ ਸ਼ਰਮ ਦਾ ਮਾਰਿਆ ਸ਼ਾਸਨ ਪ੍ਰਸ਼ਾਸਨ ਕੁੰਭਕਰਨੀ ਨੀਂਦ ਚੋਂ ਜਾਗਿਆ ਅਤੇ ਹੁਣ ਖੁਦ ਥੈਲੇ ਤੇ ਪੱਥਰ ਚੁੱਕ ਕੇ ਲੋਕਾਂ ਦਾ ਹਮਦਰਦ ਬਣਨ ਦੀ ਕੋਸ਼ਿਸ ਕਰ ਰਿਹਾ ਹੈ। ਉਨ੍ਹਾਂ ਬਣੇ ਗੰਭੀਰ ਹਾਲਾਤਾਂ ਲਈ ਰੇਤ ਮਾਫੀਆਂ ਅਤੇ ਸ਼ਾਸਨ ਪ੍ਰਸ਼ਾਸਨ ਦੀਆਂ ਨਲਾਇਕੀਆਂ ਨੂੰ ਜਿੰਮੇਵਾਰ ਆਖਦਿਆਂ ਕਿਹਾ ਕਿ ਅੱਜ ਸਾਹੋ ਸਾਹੀ ਹੋਣ ਦਾ ਡਰਾਮਾ ਕਰਨ ਵਾਲੇ ਅਧਿਕਾਰੀ



ਅਤੇ ਸਰਕਾਰ ਦੇ ਨੁਮਾਇੰਦੇ ਕਿੱਥੇ ਸਨ। ਏਹ ਦੱਸਣ ਕਿ ਪਿਛਲੇ ਆਏ ਹੜ੍ਹਾਂ ਤੋਂ ਪ੍ਰੇਰਣਾ ਲੈਕੇ ਏਨ੍ਹਾਂ ਵੱਲੋਂ ਕਿਹੜੇ ਅਗੇਤੇ ਪ੍ਰਬੰਧ ਕੀਤੇ ਗਏ ਸਨ।

ਸ੍ਰ ਕਰੀਮਪੁਰੀ ਨੇ ਕਿਹਾ ਕਿ ਮੈਨੂੰ ਪਤਾ ਲੱਗਾ ਕਿ ਏਥੇ ਰੇਤ ਮਾਫੀਆਂ ਨੇ ਸ਼ਾਸਨ ਅਤੇ ਪ੍ਰਸ਼ਾਸਨ ਦੀ ਸ਼ਹਿ 'ਤੇ ਰੱਜ ਕੇ ਲੁੱਟ ਕੀਤੀ ਹੈ ਅਤੇ ਵਿਰੋਧ ਕਰਨ ਵਾਲਿਆਂ ਨੂੰ ਪਹਿਲਾਂ ਡਰਾਇਆ ਧਮਕਾਇਆ ਗਿਆ ਅਤੇ ਜਿਹੜੇ ਫੇਰ ਵੀ ਨਾ ਹਟੇ ਤਾਂ ਉਨ੍ਹਾਂ ਉੱਤੇ ਝੂਠੇ ਪਰਚੇ ਤੱਕ ਦਰਜ ਕਰਵਾਏ ਗਏ। ਸ੍ਰ ਕਰੀਮਪੁਰੀ ਨੇ ਕਿਹਾ ਕਿ ਬੰਨ ਉੱਤੇ ਹੀ ਰੇਤ ਮਾਫੀਆ, ਸਰਕਾਰ ਅਤੇ ਪ੍ਰਸ਼ਾਸਨ ਦਾ ਲੋਟੂ ਗਠਜੋੜ ਬੇਨਕਾਬ ਹੋ ਚੁੱਕਾ ਹੈ। ਲੋਕਾਂ ਦੀ ਬਰਬਾਦੀ ਦਾ ਕਾਰਨ ਬਣਨ ਵਾਲੇ ਤਿੰਨੋਂ ਏਸੇ ਜਗਾਹ ਉੱਤੇ ਇੱਕਠੇ ਦੇਖੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਹਾਈ ਕੋਰਟ ਦੀ ਮਹਿਲਾ ਵਕੀਲ ਅਤੇ ਇਲਾਕੇ ਦੀ ਸੰਗਤ ਵੱਲੋਂ ਜਿਸ ਰੇਤ ਮਾਫੀਆ ਉੱਤੇ ਮੁੱਕਦਮਾ ਦਰਜ ਕਰਵਾਇਆ ਗਿਆ ਸੀ ਜਿਨ੍ਹਾਂ ਦੀਆਂ ਮਾਨਯੋਗ ਹਾਈ ਕੋਰਟ ਚੋਂ ਜਮਾਨਤਾਂ ਤੱਕ ਰੱਦ ਹੋ ਚੁੱਕੀਆਂ ਹਨ ਉਹ ਏਸੇ ਜਗਾਹ ਸ਼ਾਸਨ ਤੇ ਪ੍ਰਸ਼ਾਸਨ ਨਾਲ ਜੋਟੀ ਪਾ ਕੇ ਬੇਖੌਫ ਘੁੰਮ ਰਹੇ ਹਨ। ਸ੍ਰ ਕਰੀਮਪੁਰੀ ਨੇ ਕਿਹਾ ਕਿ ਕਿੱਢੀ ਹੈਰਾਨੀ ਦੀ ਗੱਲ ਹੈ ਕਿ ਇਸ ਇਲਾਕੇ ਨੂੰ ਬਰਬਾਦੀ ਦੇ ਕੰਢੇ 'ਤੇ ਖੜਾਉਣ ਵਾਲੇ ਅਪਣੇ ਸ਼ੋਸ਼ਲ ਅਕਾਊਟਾਂ ਉੱਤੇ ਏਹ ਵੀ ਕਹਿ ਰਹੇ ਹਨ ਕਿ ਸਾਨੂੰ ਰੇਤ ਮਾਫੀਆ ਕਿਹਾ ਜਾ ਰਿਹਾ ਸੀ ਤੇ ਅਸੀਂ ਅਪਣੀ ਮਸ਼ੀਨਰੀ ਨਾਲ ਇਸ ਇਲਾਕੇ ਨੂੰ ਬਚਾਅ ਰਹੇ ਹਾਂ।

ਸ੍ਰ ਕਰੀਮਪੁਰੀ ਨੇ ਸਖਤ ਹੋ ਕੇ ਕਿਹਾ ਕਿ ਜੇਕਰ ਲੋਕ ਹਿੰਮਤ ਨਾ ਮਾਰਦੇ ਤਾਂ ਸਰਕਾਰ, ਪ੍ਰਸ਼ਾਸਨ ਅਤੇ ਰੇਤ ਮਾਫੀਆਂ ਨੇ ਕੋਈ ਕਸਰ ਨਹੀਂ ਸੀ ਛੱਡੀ ਲੋਕਾਂ ਨੂੰ ਤਬਾਹ ਕਰਨ ਦੀ। ਉਨ੍ਹਾਂ ਸ਼ਾਸਨ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਸੇਵਕ ਬਣਨ ਦਾ ਡਰਾਮਾ ਛੱਡ ਕੇ ਲੋਕਾਂ ਨੂੰ ਫੌਰੀ ਰਾਹਤ ਦੇਣ ਲਈ ਜਿੱਥੇ ਜਰੂਰੀ ਸਾਜੋ ਸਾਮਾਨ ਅਤੇ ਪੂੰਜੀ ਦਾ ਪ੍ਰਬੰਧ ਕਰਕੇ ਦੇਣ ਉੱਥੇ ਹੀ ਲੋਕਾਂ ਦਾ ਜਿਨ੍ਹਾਂ ਵੀ ਨੁਕਸਾਨ ਹੋਇਆ ਉਸਦੀ ਭਰਭਾਈ ਕਰਦੇ ਹੋਏ ਭਵਿੱਖ 'ਚ ਦਰਿਆਵਾਂ ਦੇ ਬੰਨ ਪੱਕੇ ਕਰਨ ਦੀ ਪ੍ਰਪੋਜਲ ਤਿਆਰ ਕਰਨ। ਉਨ੍ਹਾਂ ਨਸੀਅਤ ਵੀ ਦਿੱਤੀ ਕਿ ਤੁਹਾਡਾ ਕੰਮ, ਯੋਜਨਾਵਾਂ ਬਣਾ ਕੇ ਉਸ ਅਨੁਸਾਰ ਦੂਜਿਆਂ ਤੋਂ ਕੰਮ ਕਰਵਾਉਣਾ ਹੈ ਨਾ ਕਿ ਲੋਕਾਂ ਨੂੰ ਇਮੋਸ਼ਨਲ ਬਲੈਕਮੇਲ ਕਰਨ ਲਈ ਖੁਦ ਕੰਮ ਕਰਨ ਦਾ ਡਰਾਮਾ ਕਰਨ ਦਾ।

ਉਨ੍ਹਾਂ ਏਹ ਵੀ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਦੇ ਵਰਕਰ ਵੀ ਏਥੇ ਆ ਕੇ ਫੋਟੋ ਸ਼ੈਸਨ ਕਰਨ ਦੀ ਬਜਾਏ ਸੇਵਾ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਨੇ ਅਪਣੇ ਵਰਕਰਾਂ ਤੋਂ ਇਕੱਠੀ ਕੀਤੀ ਮਾਇਆ ਅਤੇ ਸਮੱਗਰੀ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਭੇਜਣ ਦਾ ਕੰਮ ਵੀ ਕੀਤਾ ਹੈ ਅਤੇ ਜਰੂਰਤ ਪਈ ਤਾਂ ਅੱਗੇ ਵੀ ਭੇਜਾਂਗੇ।

ਕੇਂਦਰ ਅਤੇ ਸੂਬਾ ਸਰਕਾਰਾਂ ਉੱਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਜਨਤਾ ਪ੍ਰਤੀ ਦੋਵਾਂ ਦਾ ਰਵੱਈਆ ਇੱਕੋ ਜਿਹਾ ਹੈ, ਜਨਤਾ ਦੀ ਸਾਰ ਲੈਣ ਦੀ ਬਜਾਏ ਦੋਵਾਂ ਨੇ ਸਿਆਸਤ ਨੂੰ ਤਰਜੀਹ ਦਿੱਤੀ ਹੋਈ ਹੈ ਜਦਕਿ ਚਾਹੀਦਾ ਤਾਂ ਏਹ ਹੈ ਕਿ ਉਹ ਲੋਕਾਂ ਨੂੰ ਜਲਦ ਤੋਂ ਜਲਦ ਰਾਹਤ ਪੈਕਜ ਦੇਣ। ਉਨ੍ਹਾਂ ਕਿਹਾ ਕਿ ਜਨਤਾ ਦੇ ਵਾਰ ਵਾਰ ਹੁੰਦੇ ਨੁਕਸਾਨ ਅਤੇ ਇਸ ਅਜਿਹੇ ਸੰਕਟਮਈ ਹਾਲਾਤਾਂ ਲਈ ਆਮ ਆਦਮੀਂ ਪਾਰਟੀ, ਭਾਰਤੀ ਜਨਤਾ ਪਾਰਟੀ, ਅਕਾਲੀ ਦਲ ਅਤੇ ਕਾਂਗਰਸ ਬਰਾਬਰ ਦੀਆਂ ਦੋਸ਼ੀ ਹਨ ਜਿਨ੍ਹਾਂ 78 ਸਾਲਾਂ 'ਚ ਅਰਬਾਂ ਰੁਪਏ ਦੇ ਫੰਡ ਤਾਂ ਬੰਨਾਂ ਨੂੰ ਮਜਬੂਤ ਕਰਨ ਲਈ ਜਾਰੀ ਕਰਵਾਏ ਪਰ ਹੜ੍ਹ ਦੇ ਪਾਣੀ ਵਾਂਗ ਉਨ੍ਹਾਂ ਨੂੰ ਵਹਾਅ ਦਿੱਤਾ। ਉਹ ਪੈਸਾ ਬੰਨਾ ਅਤੇ ਲੋਕਾਂ ਉੱਤੇ ਲੱਗ ਦੀ ਬਜਾਏ ਹੁਕਮਰਾਨਾਂ ਦੀਆਂ ਜੇਬਾਂ 'ਚ ਚਲਿਆ ਗਿਆ।

ਇਸ ਮੌਕੇ ਉਨ੍ਹਾਂ ਨਾਲ ਸੂਬਾ ਜਨਰਲ ਸਕੱਤਰ ਹਰਭਜਨ ਸਿੰਘ ਬਜਰਹੇੜੀ, ਬਲਜੀਤ ਸਿੰਘ ਸਲਾਣਾ, ਬਲਵਿੰਦਰ ਬਿੱਟਾ, ਪ੍ਰਗਣ ਬਿਲਗਾ, ਜੀਤ ਰਾਮ ਬਸਰਾ, ਹਰਭਜਨ ਸਿੰਘ ਦੁਲਮਾ, ਹਰਜਿੰਦਰ ਸੁਜਾਤਵਾਲ, ਬਲਵਿੰਦਰ ਜੱਸੀ, ਨਰਿੰਦਰ ਚੌਂਤਾ, ਬਿੱਟੂ ਸ਼ੇਰਪੁਰ, ਪ੍ਰਵੀਨ ਬਾਸਲ, ਰਜਿੰਦਰ ਕੁਮਾਰ, ਇੰਦਰੇਸ਼, ਬਲਵਿੰਦਰ ਬੱਧਣ, ਕਪਿਲ ਕੁਮਾਰ, ਰਾਮਲੋਕ ਸਿੰਘ ਕੁਲੀਏਵਾਲ, ਨਰੇਸ਼ ਬਸਰਾ ਅਤੇ ਹੋਰ ਹਾਜਰ ਸਨ।

ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕੇ ਦੇ ਖੇਤਾਂ ਵਿੱਚ ਆਈ ਮਿੱਟੀ ਨੂੰ ਚੁੱਕਣ ਲਈ ‘ਜਿਸ ਦਾ ਖੇਤ ਉਸ ਦੀ ਰੇਤ’ ਮੁਹਿੰਮ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਇਸ ਨਾਲ ਕਿਸਾਨ ਆਪਣੇ ਖੇਤਾਂ ਵਿੱਚੋਂ ਗਾਰ ਦੇ ਰੂਪ ਵਿਚ ਆਈ ਰੇਤ ਚੁੱਕ ਕੇ ਅੱਗੇ ਵੇਚ ਸਕਣਗੇ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਸਪਤਾਲ ਵਿੱਚੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੰਜਾਬ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਕਰਕੇ ਆਪਣੀ ਜੀਅ ਗੁਆਉਣ ਵਾਲੇ ਪਰਿਵਾਰਾਂ ਨੂੰ 4 ਲੱਖ ਰੁਪਏ ਪ੍ਰਤੀ ਵਿਅਕਤੀ ਮੁਆਵਜ਼ਾ ਦੇਵੇਗੀ। ਜਿਨ੍ਹਾਂ ਲੋਕਾਂ ਦੇ ਘਰ ਢਹਿ ਗਏ ਹਨ, ਉਸ ਬਾਰੇ ਸਰਵੇ ਕਰਵਾਇਆ ਜਾਵੇਗਾ ਅਤੇ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਇਲਾਕੇ ਦੇ ਕਿਸਾਨਾਂ ਨੂੰ ਸਹਿਕਾਰੀ ਬੈਂਕਾਂ ਵਿੱਚੋਂ ਲਏ ਕਰਜ਼ੇ ਦੀ ਅਦਾਇਗੀ ਲਈ ਛੇ ਮਹੀਨੇ ਦਾ ਵਾਧੂ ਸਮਾਂ ਦਿੱਤਾ ਜਾਵੇਗਾ। ਇਸ ਦੌਰਾਨ ਕਿਸਾਨਾਂ ਨੂੰ ਛੇ ਮਹੀਨੇ ਕੋਈ ਕਿਸ਼ਤ ਭਰਨ ਦੀ ਲੋੜ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਕਿਸਾਨਾਂ ਨੂੰ ਪਸ਼ੂਆਂ ਅਤੇ ਹੋਰ ਜਾਨਵਰਾਂ ਦੇ ਨੁਕਸਾਨ ਦਾ ਵੀ ਮੁਆਵਜ਼ਾ ਦਿੱਤਾ ਜਾਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਬਿਮਾਰੀਆਂ ਰੋਕਣ ਲਈ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਇਸ ਤੋਂ ਇਲਾਵਾ 1700 ਪਿੰਡਾਂ ਵਿੱਚ ਫੋਗਿੰਗ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣਗੀਆਂ ਜਿਸ ਨਾਲ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਹਰੇਕ ਪਿੰਡ ਵਿੱਚ ਡਾਕਟਰਾਂ ਦੀ ਵਿਸ਼ੇਸ਼ ਟੀਮ ਆਵੇਗੀ ਅਤੇ ਲੋਕਾਂ ਦਾ ਇਲਾਜ ਕਰੇਗੀ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸਫਾਈ ਮੁਹਿੰਮ ਵੀ ਚਲਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਕਰਕੇ ਬਿਜਲੀ ਵਿਭਾਗ ਦੇ ਟਰਾਂਸਫਾਰਮਰਾਂ ਅਤੇ ਹੋਰ ਵਧੇਰੇ ਨੁਕਸਾਨ ਹੋ ਗਿਆ ਹੈ। ਇਸ ਦਾ ਵੀ ਸਰਵੇ ਕਰਵਾ ਕੇ ਭਵਿੱਖ ਦੀ ਯੋਜਨਾ ਤਿਆਰ ਕੀਤੀ ਜਾਵੇਗੀ।

# ਡਾ ਕਰੀਮਪੁਰੀ ਸਤਲੁਜ ਬੰਨ ਦੇ ਦੌਰੇ ਦੌਰਾਨ ਰੇਤ ਮਾਫੀਆਂ ਖਿਲਾਫ ਲੜਨ ਵਾਲੀ ਵਕੀਲ ਸਿਮਰਨ ਗਿੱਲ ਨੂੰ ਮਿਲੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com



ਡਾ ਕਰੀਮਪੁਰੀ ਸਤਲੁਜ ਬੰਨ ਦੇ ਦੌਰੇ ਦੌਰਾਨ ਰੇਤ ਮਾਫੀਆਂ ਖਿਲਾਫ ਲੜਨ ਵਾਲੀ ਵਕੀਲ ਸਿਮਰਨ ਗਿੱਲ ਨੂੰ ਮਿਲੇ ਬਸਪਾ ਰੇਤ ਮਾਫੀਆ ਖਿਲਾਫ ਸੀ ਤੇ ਰਹੇਗੀ, ਲੋਕ ਵੀ ਮਾਫੀਆ ਖਿਲਾਫ ਲੜਨ ਵਾਲੇ ਲੋਕਾਂ ਦੇ ਬਣਨ ਸਹਿਯੋਗੀ : ਕਰੀਮਪੁਰੀ

ਲੁਧਿਆਣਾ 8 ਸਤੰਬਰ (ਹਰਸ਼ਦੀਪ ਸਿੰਘ ਮਹਿਦੂਦਾਂ, ਸੁਰਿੰਦਰ ਸ਼ਿੰਦਾ) ਸਮਰਾਲੀ ਕਲੋਨੀ ਸਤਲੁਜ ਬੰਨ ਦੇ ਵਿਸ਼ੇਸ਼ ਦੌਰੇ ਦੌਰਾਨ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਸੰਸਦ ਮੈਂਬਰ ਨੇ ਰੇਤ ਮਾਫੀਆ ਖਿਲਾਫ ਤਿੱਖਾ ਸੰਘਰਸ਼ ਕਰਨ ਵਾਲੀ ਹਾਈ ਕੋਰਟ ਦੀ ਵਕੀਲ ਸਿਮਰਨ ਕੌਰ ਗਿੱਲ ਨਾਲ ਪਿੰਡ ਗੋਂਸਗੜ ‘ਚ ਮੁਲਾਕਾਤ ਕੀਤੀ ਜਿੱਥੇ ਸਿਮਰਨ ਗਿੱਲ ਖੁਦ ਆਪਣੀ ਪੂਰੀ ਟੀਮ ਨਾਲ ਰੇਤ ਤੇ ਮਿੱਟੀ ਦੀਆਂ ਬੋਰੀਆਂ ਭਰਨ ਦਾ ਜੰਗੀ ਪੱਧਰ ਤੇ ਕੰਮ ਕਰ ਰਹੀ ਸੀ। ਉਨ੍ਹਾਂ ਸ੍ਰ ਕਰੀਮਪੁਰੀ ਨੂੰ ਇਸ ਇਲਾਕੇ ਵਿੱਚ ਹੜ੍ਹਾਂ ਵਰਗੇ ਡਰਾਵਣਾ ਮਾਹੌਲ ਪੈਦਾ ਕਰਨ ਲਈ ਰੇਤ ਮਾਫੀਆ ਨੂੰ ਮੁੱਖ ਜਿੰਮੇਵਾਰ ਦੱਸਿਆ। ਉਨ੍ਹਾਂ ਸ੍ਰ ਕਰੀਮਪੁਰੀ ਨੂੰ ਦੱਸਿਆ ਕਿ ਕਈ ਪਿੰਡਾਂ ਦੀਆਂ ਪੰਚਾਇਤਾਂ ਅਤੇ ਮੋਹਤਬਰਾਂ ਨੂੰ ਨਾਲ ਲੈਕੇ ਜਦੋਂ ਉਨ੍ਹਾਂ ਵੱਲੋਂ ਰੇਤ ਮਾਫੀਆ ਖਿਲਾਫ ਅਵਾਜ ਚੁੱਕੀ ਗਈ ਤਾਂ ਸ਼ਾਸਨ ਪ੍ਰਸ਼ਾਸ਼ਨ ਨੇ ਉਨ੍ਹਾਂ ਦੀਆਂ ਸ਼ਿਕਾਇਤਾ ਉੱਤੇ ਕਾਰਵਾਈ ਕਰਨ ਦੀ ਬਜਾਏ ਵੱਖ ਵੱਖ ਸਮਿਆਂ ਵਿੱਚ ਕਈ ਪਰਚੇ ਦਰਜ ਕਰ ਦਿੱਤੇ। ਉਨ੍ਹਾਂ ਦੱਸਿਆ ਕਿ ਮੇਰੇ ਉੱਤੇ ਹੋਏ ਹਮਲੇ ਚ ਮੇਰੇ ਸਮੇਤ ਸਾਡੇ ਕਈ ਸਾਥੀ ਗੰਭੀਰ ਜਖਮੀਂ ਹੋਣ ਦੇ ਬਾਵਜੂਦ ਵੀ ਪਹਿਲਾਂ ਤਾਂ ਪੁਲਿਸ ਨੇ ਪਰਚਾ ਦਰਜ ਨਹੀਂ ਕੀਤਾ ਤੇ ਜਦੋਂ ਚੰਡੀਗੜ੍ਹ ਤੱਕ ਸੰਘਰਸ਼ ਕੀਤਾ ਗਿਆ ਤਾਂ ਪਰਚਾ ਤਾਂ ਦਰਜ ਕਰ ਦਿੱਤਾ ਪਰ ਕਿਸੇ ਵੀ ਆਰੋਪੀ ਦੀ ਗ੍ਰਿਫਤਾਰੀ ਨਹੀਂ ਪਾਈ। ਸਾਰੇ ਮਰਦ ਅਰੋਪੀਆਂ ਦੀਆਂ ਜਮਾਨਤਾਂ ਹੇਠਲੀ ਅਦਾਲਤ ਤੋਂ ਬਾਅਦ ਹਾਈ ਕੋਰਟ ਚੋਂ ਵੀ ਰੱਦ ਹੋ ਗਈਆਂ ਤੇ ਉਹ ਅੱਜ ਬੇਖੌਫ ਹੋ ਕੇ ਏਸੇ ਬੰਨ ਉੱਤੇ ਘੁੰਮ ਰਹੇ ਹਨ ਪਰ ਕਿਸੇ ਦੀ ਵੀ ਗ੍ਰਿਫਤਾਰੀ ਨਹੀਂ ਪਾਈ ਜਾ ਰਹੀ। ਇਸ ਤੋਂ ਵੱਧ ਸ਼ਾਸਨ ਪ੍ਰਸ਼ਾਸ਼ਨ ਦੀ ਕੀ ਵਧੀਕੀ ਹੋ ਸਕਦੀ ਹੈ। ਸਾਰੀ ਗੱਲ ਸੁਣਨ ਉਪਰੰਤ ਸ੍ਰ ਕਰੀਮਪੁਰੀ ਨੇ ਸਿਮਰਨ ਗਿੱਲ ਨੂੰ ਭਰੋਸਾ ਦਿੱਤਾ ਕਿ ਬਸਪਾ ਪਹਿਲਾਂ ਵੀ ਤੇਰੇ ਸੰਘਰਸ਼ ਵਿਚ ਤੇਰੇ ਨਾਲ ਸੀ ਤੇ ਹੁਣ ਵੀ ਨਾਲ ਹੈ ਤੇ ਰਹੇਗੀ। ਉਨ੍ਹਾਂ ਕਿਹਾ ਕਿ ਬਸਪਾ ਰੇਤ ਮਾਫੀਆ ਖਿਲਾਫ ਸੀ ਤੇ ਰਹੇਗੀ ਅਤੇ ਮੈਂ ਆਮ ਲੋਕਾਂ ਨੂੰ ਵੀ ਅਪੀਲ ਕਰਦਾ ਕਿ ਉਹ ਰੇਤ ਮਾਫੀਆ ਖਿਲਾਫ ਲੜਨ ਵਾਲੇ ਲੋਕਾਂ ਦੇ ਸਹਿਯੋਗੀ ਬਣਨ। ਇਸ ਮੌਕੇ ਸੁਖਵਿੰਦਰ ਸਿੰਘ ਗਿੱਲ ਅਤੇ ਪਿੰਡ ਵਾਸੀਆਂ ਤੋਂ ਇਲਾਵਾ ਬਸਪਾ ਦੇ ਸੂਬਾ ਜਨਰਲ ਸਕੱਤਰ ਹਰਭਜਨ ਸਿੰਘ ਬਜਰਹੇੜੀ, ਬਲਵਿੰਦਰ ਬਿੱਟਾ ਤੇ ਬਲਜੀਤ ਸਿੰਘ ਸਲਾਣਾ, ਦੇਹਾਤੀ ਪ੍ਰਧਾਨ ਹਰਭਜਨ ਸਿੰਘ ਦੁਲਮਾ, ਹਲਕਾ ਸਾਹਨੇਵਾਲ ਦੇ ਇੰਚਾਰਜ ਜਗਤਾਰ ਸਿੰਘ ਭਾਮੀਆਂ, ਪ੍ਰਧਾਨ ਹਰਜਿੰਦਰ ਸਿੰਘ ਸੁਜਾਤਵਾਲ, ਦੇਹਾਤੀ ਇੰਚਾਰਜ ਪ੍ਰਗਣ ਬਿਲਗਾ, ਸ਼ਹਿਰੀ ਪ੍ਰਧਾਨ ਬਲਵਿੰਦਰ ਜੱਸੀ, ਰਾਮਲੋਕ ਸਿੰਘ, ਨਰਿੰਦਰ ਚੌਂਤਾ ਅਤੇ ਹੋਰ ਹਾਜ਼ਰ ਸਨ।

# ਕੁਲਗਾਮ ਵਿੱਚ ਸੁਰੱਖਿਆ ਬਲਾਂ ਅਤੇ ਅਤਿਵਾਦੀਆਂ ਵਿਚਕਾਰ ਮੁਠਭੇੜ, ਇਕ ਅਤਿਵਾਦੀ ਢੇਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com



ਕਸ਼ਮੀਰ ਦੇ ਕੁਲਗਾਮ ਵਿੱਚ ਇੱਕ ਮੁਕਾਬਲੇ ਦੌਰਾਨ ਇੱਕ ਅਤਿਵਾਦੀ ਮਾਰਿਆ ਗਿਆ ਹੈ। ਅਤਿਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਕਾਰ ਮੁਕਾਬਲਾ ਸੋਮਵਾਰ ਸਵੇਰੇ ਗੁੱਡਰ ਦੇ ਜੰਗਲਾਂ ਵਿੱਚ ਸ਼ੁਰੂ ਹੋਇਆ। ਫ਼ੌਜ ਨੇ ਇਸ ਨੂੰ ਆਪਰੇਸ਼ਨ ਗੁੱਡਰ ਦਾ ਨਾਮ ਦਿੱਤਾ ਹੈ। ਇਸ ਦੌਰਾਨ ਇੱਕ ਸੈਨਿਕ ਵੀ ਜ਼ਖ਼ਮੀ ਹੋ ਗਿਆ। ਅਤਿਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ, ਫ਼ੌਜ ਦੀ 9 ਆਰਆਰ ਅਤੇ ਸੀਆਰਪੀਐਫ ਦੀ ਇੱਕ ਸਾਂਝੀ ਟੀਮ ਨੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ। ਜਾਣਕਾਰੀ ਅਨੁਸਾਰ, ਲਸ਼ਕਰ ਦੇ 2 ਤੋਂ ਵੱਧ ਅਤਿਵਾਦੀ ਜੰਗਲ ਵਿੱਚ ਲੁਕੇ ਹੋਏ ਹਨ। ਦੋਵਾਂ ਪਾਸਿਆਂ ਤੋਂ ਗੋਲੀਬਾਰੀ ਜਾਰੀ ਹੈ ਅਤੇ ਇਲਾਕੇ ਵਿੱਚ ਵਾਧੂ ਸੁਰੱਖਿਆ ਬਲ ਭੇਜੇ ਗਏ ਹਨ।

# ਲਾਲ ਕਿਲ੍ਹੇ ‘ਚੋਂ ਚੋਰੀ ਹੋਇਆ ਕਲਸ਼ ਬਰਾਮਦ, ਇੱਕ ਕਰੋੜ ਦੀ ਕੀਮਤ ਵਾਲਾ ਕਲਸ਼ ਚੋਰੀ ਕਰਨ ਵਾਲਾ ਮੁਲਜ਼ਮ ਵੀ ਕਾਬੂ

## ਕਲਸ਼ ਚੋਰੀ ਕਰਨ ਵਾਲੇ ਵਿਅਕਤੀ ਨੂੰ ਹਾਪੁੜ ਤੋਂ ਗਿਆ ਗ੍ਰਿਫ਼ਤਾਰ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com



ਬੀਤੇ ਦਿਨੀ ਦਿੱਲੀ (Delhi) ਦੇ ਲਾਲ ਕਿਲ੍ਹੇ ਤੋਂ 1 ਕਰੋੜ ਰੁਪਏ ਦੇ ਸੋਨੇ ਦੇ ਕਲਸ਼ ਦੀ ਚੋਰੀ ਹੋਣ ਕਾਰਨ ਹੜਕੰਪ ਮਚ ਗਿਆ ਸੀ। ਇਹ ਕਲਸ਼ ਜੈਨ ਭਾਈਚਾਰੇ ਦੇ ਇੱਕ ਧਾਰਮਿਕ ਸਮਾਗਮ ਦੌਰਾਨ ਚੋਰੀ ਹੋਇਆ ਸੀ। ਇਸ ਵਿੱਚ 760 ਗ੍ਰਾਮ ਸੋਨਾ ਅਤੇ 150 ਗ੍ਰਾਮ ਹੀਰੇ, ਪੰਨੇ ਅਤੇ ਰੂਬੀ ਜੜੇ ਹੋਏ ਸਨ।

ਦਿੱਲੀ ਕ੍ਰਾਈਮ ਬ੍ਰਾਂਚ ਦੀਆਂ ਕਈ ਟੀਮਾਂ ਦਿਨ-ਰਾਤ ਕਲਸ਼ ਚੋਰਾਂ ਦੀ ਭਾਲ ਕਰ ਰਹੀਆਂ ਸਨ। ਹੁਣ ਜਾਣਕਾਰੀ ਸਾਹਮਣੇ ਆਈ ਹੈ ਕਿ ਯੂਪੀ ਦੇ ਹਾਪੁੜ ਤੋਂ ਪੁਲਿਸ ਨੇ ਇੱਕ ਮੁਲਜ਼ਮ ਨੂੰ ਕਲਸ਼ ਸਮੇਤ ਗ੍ਰਿਫ਼ਤਾਰ ਕਰ ਲਿਆ ਹੈ। ਦਿੱਲੀ ਪੁਲਿਸ ਨੇ ਸੀਸੀਟੀਵੀ ਫੁਟੇਜ ਦੇ ਆਧਾਰ ‘ਤੇ ਹਾਪੁੜ ਤੋਂ ਚੋਰਾਂ ਨੂੰ ਫੜਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪੁਲਿਸ ਹੋਰ ਮੁਲਜ਼ਮਾਂ ਲਈ ਛਾਪੇਮਾਰੀ ਕਰ ਰਹੀ ਹੈ।

ਦਰਅਸਲ, ਦਿੱਲੀ ਦੇ ਇਤਿਹਾਸਕ ਲਾਲ ਕਿਲ੍ਹਾ ਕੰਪਲੈਕਸ ਵਿੱਚ ਜੈਨ ਭਾਈਚਾਰੇ ਦਾ ਇੱਕ ਧਾਰਮਿਕ ਸਮਾਗਮ ਚੱਲ ਰਿਹਾ ਸੀ। ਇਸ ਦੌਰਾਨ ਇੱਕ ਕੀਮਤੀ ਸੋਨੇ ਦਾ ਕਲਸ਼ ਚੋਰੀ ਹੋ ਗਿਆ ਸੀ, ਜਿਸਦੀ ਕੀਮਤ ਲਗਭਗ ਇੱਕ ਕਰੋੜ ਰੁਪਏ ਸੀ।ਜਦੋਂ ਜਾਂਚ ਸ਼ੁਰੂ ਕੀਤੀ ਗਈ ਤਾਂ ਸੀਸੀਟੀਵੀ ਫੁਟੇਜ ਵਿੱਚ ਸਾਫ਼ ਦਿਖਾਈ ਦਿੱਤਾ ਕਿ ਧੋਤੀ ਪਹਿਨੇ ਇੱਕ ਵਿਅਕਤੀ ਬੜੀ ਚਲਾਕੀ ਨਾਲ ਪੂਜਾ ਸਥਾਨ ‘ਤੇ ਪਹੁੰਚ ਗਿਆ ਅਤੇ ਮੌਕੇ ਦਾ ਫਾਇਦਾ ਉਠਾਉਂਦੇ ਹੋਏ, ਕਲਸ਼ ਨੂੰ ਆਪਣੇ ਬੈਗ ਵਿੱਚ ਪਾ ਕੇ ਉੱਥੋਂ ਫਰਾਰ ਹੋ ਗਿਆ।

# ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫ਼ਿਰਾਖ਼ਦਿਲੀ ਦਿਖਾਉਣ: ਬਰਿੰਦਰ ਕੁਮਾਰ ਗੋਇਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com



ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਸੂਬੇ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਫਿਰਾਖ਼ਦਿਲੀ ਦਿਖਾਉਣ ਦੀ ਅਪੀਲ ਕੀਤੀ ਹੈ।

ਇੱਥੇ ਪੰਜਾਬ ਭਵਨ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੋਇਲ ਨੇ ਹੜ੍ਹਾਂ ਦੇ ਮੱਦੇਨਜ਼ਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਭਾਵੀ ਪੰਜਾਬ ਦੌਰੇ ਲਈ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਪੰਜਾਬ ਨੂੰ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਵਜੋਂ ਘੱਟੋ-ਘੱਟ 25 ਹਜ਼ਾਰ ਕਰੋੜ ਤੁਰੰਤ ਜਾਰੀ ਕਰਨ ਦਾ ਐਲਾਨ ਕਰਨ। ਇਸ ਤੋਂ ਇਲਾਵਾ 60 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਵੀ ਤੁਰੰਤ ਜਾਰੀ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਬੇਸ਼ੱਕ ਪ੍ਰਧਾਨ ਮੰਤਰੀ ਹੜ੍ਹ ਆਉਣ ਤੋਂ 25 ਦਿਨ ਬਾਅਦ ਪੰਜਾਬ ਦਾ ਦੌਰਾ ਕਰਨ ਆ ਰਹੇ ਹਨ ਪਰ ਇਸ ਸਬੰਧੀ ਉਨ੍ਹਾਂ ਨੇ ਹੁਣ ਤੱਕ ਇਕ ਵੀ ਲਫ਼ਜ਼ ਨਹੀਂ ਬੋਲਿਆ।

ਸ੍ਰੀ ਗੋਇਲ ਨੇ ਦੱਸਿਆ ਕਿ ਮੁਢਲੇ ਅੰਦਾਜ਼ਿਆਂ ਮੁਤਾਬਕ 4 ਲੱਖ ਏਕੜ ਦੇ ਕਰੀਬ ਫ਼ਸਲਾਂ ਤਬਾਹ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਹਾਲਾਂਕਿ ਜਲ ਸਰੋਤ ਵਿਭਾਗ ਦੇ ਧੁੱਸੀ ਬੰਨ੍ਹ ਕਿਤੇ ਨਹੀਂ ਟੁੱਟੇ ਪਰ ਪਾਣੀ ਓਵਰਫਲੋਅ ਹੋਣ ਕਰਕੇ ਨੁਕਸਾਨੇ ਬੰਨ੍ਹਾਂ ਅਤੇ ਹੋਰ ਨੁਕਸਾਨ ਨੂੰ ਦਰੁਸਤ ਕਰਨ ਲਈ, ਪਾਣੀ ਉਤਰਨ ਪਿੱਛੋਂ ਵੱਡੇ ਪ੍ਰਾਜੈਕਟ ਸ਼ੁਰੂ ਕੀਤੇ ਜਾਣੇ ਹਨ, ਉਨ੍ਹਾਂ ਲਈ ਵੀ ਫ਼ੰਡਾਂ ਦੀ ਜ਼ਰੂਰਤ ਹੋਵੇਗੀ। ਉਨ੍ਹਾਂ ਕਿਹਾ ਕਿ ਸੜਕਾਂ ਟੁੱਟਣ ਕਾਰਨ ਮੰਡੀ ਬੋਰਡ ਨੂੰ ਵੱਡਾ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਸਕੂਲਾਂ ਤੇ ਕਾਲਜਾਂ ਦੀਆਂ ਕਰੀਬ 3300 ਇਮਾਰਤਾਂ ਪ੍ਰਭਾਵਿਤ ਹੋਈਆਂ ਹਨ। ਇਸ ਤੋਂ ਇਲਾਵਾ ਬਿਜਲੀ ਦੇ ਹਜ਼ਾਰਾਂ ਖੰਭੇ ਡਿੱਗ ਗਏ ਤੇ ਟਰਾਂਸਫਾਰਮਰ ਪਾਣੀ ਵਿੱਚ ਡੁੱਬ ਗਏ ਹਨ, ਜਿਨ੍ਹਾਂ ਦੇ ਨੁਕਸਾਨਾਂ ਦੀ ਭਰਪਾਈ ਲਈ ਤੁਰੰਤ ਫ਼ੰਡਾਂ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾਲ ਕੇਂਦਰ ਸਰਕਾਰ ਵੱਲੋਂ ਲਗਾਤਾਰ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਦੂਜੇ ਸੂਬਿਆਂ ਨੂੰ ਕੁਦਰਤੀ ਆਫ਼ਤਾਂ ਮੌਕੇ ਤੁਰੰਤ ਵਿਸ਼ੇਸ਼ ਪੈਕੇਜ ਐਲਾਨ ਦਿੱਤੇ ਜਾਂਦੇ ਹਨ ਪਰ ਪੰਜਾਬ ਸਬੰਧੀ ਕੇਂਦਰ ਸਰਕਾਰ ਹੁਣ ਤੱਕ ਟੀਮਾਂ ਰਾਹੀਂ ਰਿਪੋਰਟਾਂ ਹੀ ਹਾਸਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਫ਼ਗਾਨਿਸਤਾਨ ਦੇ ਭੂਚਾਲ ਪੀੜਤਾਂ ਦੀ ਮਦਦ ਲਈ ਤਾਂ ਰਾਹਤ ਸਮੱਗਰੀ ਤੁਰੰਤ ਭੇਜ ਦਿੱਤੀ ਪਰ ਪੰਜਾਬ ਲਈ ਅਜੇ ਤੱਕ ਕੇਂਦਰ ਸਰਕਾਰ ਨੇ ਕੁਝ ਨਹੀਂ ਕੀਤਾ।

ਜਲ ਸਰੋਤ ਮੰਤਰੀ ਨੇ ਕਿਹਾ ਕਿ ਦੇਸ਼ ਭਰ ਦੀਆਂ ਸਮਾਜ-ਸੇਵੀ ਸੰਸਥਾਵਾਂ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਲਗਾਤਾਰ ਕੰਮ ਕਰ ਰਹੀਆਂ ਹਨ ਪਰ ਕੇਂਦਰ ਸਰਕਾਰ ਹੁਣ ਤੱਕ ਰਿਪੋਰਟਾਂ ਹੀ ਇਕੱਠੀਆਂ ਕਰਨ ਵਿਚ ਮਸਰੂਫ ਹੈ ਜਦਕਿ ਸੂਬੇ ਦੀ ਸਾਰੀ ਤ੍ਰਾਸਦੀ ਪੂਰੇ ਸੰਸਾਰ ਦੇ ਸਾਹਮਣੇ ਹੈ।

ਉਨ੍ਹਾਂ ਕਿਹਾ ਕਿ ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ ਪਿਛਲੇ ਦਿਨੀਂ ਹੜ੍ਹਾਂ ਦਾ ਜਾਇਜ਼ਾ ਲੈਣ ਲਈ ਪੰਜਾਬ ਦੌਰੇ ਪਿਛੋਂ ਹੜ੍ਹਾਂ ਦਾ ਕਾਰਨ ਮਾਈਨਿੰਗ ਹੋਣ ਸਬੰਧੀ ਦਿੱਤੇ ਗਏ ਬੇਤੁਕੇ ਬਿਆਨ ਨਾਲ ਸੂਬੇ ਦੇ ਜ਼ਖ਼ਮਾਂ ‘ਤੇ ਨਮਕ ਹੀ ਭੁੱਕਿਆ ਗਿਆ ਹੈ।

ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਪੰਜਾਬ ਸਰਕਾਰ ਕੋਲ ਇਸ ਸਮੇਂ ਆਫ਼ਤ ਪ੍ਰਬੰਧਨ ਫ਼ੰਡ ਵਿੱਚ 13 ਹਜ਼ਾਰ ਕਰੋੜ ਰੁਪਏ ਪਏ ਹਨ ਪਰ ਕੇਂਦਰ ਸਰਕਾਰ ਦੀਆਂ ਸ਼ਰਤਾਂ ਕਾਰਨ ਸੂਬਾ ਸਰਕਾਰ ਨੂੰ ਇਹ ਪੈਸੇ ਖ਼ਰਚਣ ਦੀ ਆਗਿਆ ਨਹੀਂ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਫ਼ਤ ਪ੍ਰਬੰਧਨ ਫ਼ੰਡ ਸਬੰਧੀ ਨਿਯਮਾਂ ਵਿੱਚ ਢਿੱਲ ਦੇਵੇ ਤਾਂ ਜੋ ਸੂਬਾ ਵਾਸੀਆਂ ਦਾ ਭਲਾ ਹੋ ਸਕੇ।

ਕੇਂਦਰ ਦੇ ਪੰਜਾਬ ਨਾਲ ਪੱਖਪਾਤੀ ਰਵੱਈਏ ਬਾਰੇ ਗੱਲ ਕਰਦਿਆਂ ਉਨ੍ਹਾਂ ਅੱਗੇ ਦੱਸਿਆ ਕਿ ਸੂਬੇ ਦੇ ਸਰਹੱਦੀ ਖੇਤਰ ਵਿੱਚ ਪੋਟਾਸ਼ ਮਿਲਣ ਪਿੱਛੋਂ ਵੀ ਕੇਂਦਰ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਨੇੜਲੇ ਸੂਬੇ ਰਾਜਸਥਾਨ ਵਿੱਚ ਪੋਟਾਸ਼ ਮਿਲਣ ਪਿੱਛੋਂ ਕੇਂਦਰ ਨੇ 150 ਥਾਵਾਂ ‘ਤੇ ਡਰਿੱਲ ਕਰ ਦਿੱਤੀ ਅਤੇ ਆਕਸ਼ਨ ਵੀ ਕਰ ਦਿੱਤੀ ਪਰ ਪੰਜਾਬ ਵਿੱਚ ਮਹਿਜ਼ ਨੌਂ ਥਾਵਾਂ ‘ਤੇ ਹੀ ਡਰਿੱਲ ਕੀਤੀ ਗਈ। ਉਨ੍ਹਾਂ ਕਿਹਾ ਕਿ ਮਹੀਨੇ ਪਹਿਲਾਂ ਇਸ ਸਬੰਧੀ ਉਹ ਕੇਂਦਰ ਦੇ ਵਜ਼ੀਰ ਨੂੰ ਵੀ ਮਿਲੇ ਸਨ ਪਰ ਕੋਈ ਫ਼ਾਇਦਾ ਨਹੀਂ ਹੋਇਆ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਆਫ਼ਤ ਫ਼ੰਡ ਵਿੱਚੋਂ ਫ਼ਸਲਾਂ ਦੇ ਖ਼ਰਾਬੇ ਲਈ ਸੂਬਿਆਂ ਨੂੰ ਮਹਿਜ਼ 8200 ਰੁਪਏ ਪ੍ਰਤੀ ਏਕੜ ਦੇਣ ਲਈ ਪਾਬੰਦ ਕੀਤਾ ਗਿਆ ਹੈ, ਜੋ ਬਹੁਤ ਨਿਗੂਣਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਡਿਜਾਸਟਰ ਫ਼ੰਡ ਦਾ ਪੈਸਾ ਸੂਬਿਆਂ ਨੂੰ ਵਰਤਣ ਦਾ ਵੀ ਅਧਿਕਾਰ ਦਿੱਤਾ ਜਾਵੇ ਕਿਉਂਕਿ ਸੂਬਿਆਂ ਨੂੰ ਜ਼ਮੀਨੀ ਹਕੀਕਤ ਦਾ ਜ਼ਿਆਦਾ ਪਤਾ ਹੁੰਦਾ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## (ਬੀ) ਇਸ ਸਮੱਸਿਆ ਦੀਆਂ ਸ਼ਰਤਾਂ

4. ਕੀ ਭਾਰਤ ਵਿੱਚ ਮੌਜੂਦ ਆਬਾਦੀ ਸਮੂਹਾਂ ਵਿੱਚ ਇਸ ਅੰਤਰ ਦਾ ਕੋਈ ਅਸਰ ਹੋਵੇਗਾ? ਕੀ ਸਾਨੂੰ ਸੰਵਿਧਾਨ ਦਾ ਖਰੜਾ ਬਣਾਉਂਦੇ ਸਮੇਂ ਸਵਰਾਜ ਬਾਰੇ ਕੁਝ ਨਹੀਂ ਸੋਚਣਾ ਚਾਹੀਦਾ? ਮੈਨੂੰ ਕੋਈ ਸ਼ੱਕ ਨਹੀਂ ਹੈ ਕਿ ਤੁਸੀਂ ਮੈਨੂੰ ਇਹ ਸਵਾਲ ਪੁੱਛੋਗੇ। ਪਰ ਬਿਨਾਂ ਝਿਜਕ ਮੈਂ ਜਵਾਬ ਦਿੰਦਾ ਹਾਂ ਕਿ ਸਾਨੂੰ ਇਸ ਬਾਰੇ ਸੋਚਣਾ ਪਏਗਾ। ਹਾਲਾਤਾਂ ਨੂੰ ਨਜ਼ਰਅੰਦਾਜ਼ ਕਰਕੇ ਅਤੇ ਇਸ ਲੋਕ-ਸਮੂਹ ਦੇ ਮਾਣ-



ਸਨਮਾਨ ਨੂੰ ਤਿਆਗ ਕੇ, ਆਪਣੀ ਸਥਿਤੀ ਦੀ ਵਿਭਿੰਨਤਾ ਵੱਲ ਧਿਆਨ ਦਿੱਤੇ ਬਿਨਾਂ ਭਾਰਤ ਦੀ ਆਜ਼ਾਦੀ ਲਈ ਹੰਕਾਰੀ ਯਤਨ ਜਾਰੀ ਰੱਖਣਾ ਕਾਂਗਰਸੀ ਲੋਕਾਂ ਦੀ ਅੜੀਅਲ ਮਾਨਸਿਕਤਾ ਹੈ।

ਸੱਜਣੋ, ਜੇਕਰ ਤੁਸੀਂ ਸੰਵਿਧਾਨ ਤਿਆਰ ਕਰਨ ਬਾਰੇ ਸੋਚਦੇ ਹੋ, ਤਾਂ ਇਨ੍ਹਾਂ ਹਾਲਾਤਾਂ ਵਿੱਚ ਸ਼ਾਸਨ ਦੀ ਸੱਤਾ ਕਿਸ ਦੇ ਹੱਥਾਂ ਵਿੱਚ ਜਾ ਸਕਦੀ ਹੈ? ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਸੱਤਾ ਦੀ ਵਾਗਡੋਰ ਘੱਟ ਗਿਣਤੀਆਂ ਦੇ ਹੱਥਾਂ ਵਿੱਚ ਦਿੱਤੀ ਜਾਣੀ ਚਾਹੀਦੀ ਹੈ? ਜਾਂ ਇਸਨੂੰ ਨੀਵੀਆਂ ਜਾਤਾਂ ਦੇ ਹੱਥਾਂ ਵਿੱਚ ਦੇ ਦੇਣਾ ਚਾਹੀਦਾ ਹੈ? ਜੇਕਰ ਮੈਨੂੰ ਕਿਸੇ ਗੱਲ ਦਾ ਯਕੀਨ ਹੈ ਤਾਂ ਉਹ ਇਹ ਹੈ ਕਿ ਜੇਕਰ ਅਸੀਂ ਭਾਰਤੀ ਸਮਾਜ ਦੀ ਅਸਲ ਸਥਿਤੀ ਵੱਲ ਧਿਆਨ ਨਾ ਦਿੱਤਾ ਤਾਂ ਭਾਰਤ ਦੇ ਭਵਿੱਖ ਦੇ ਸਵਰਾਜ ਦੀ ਵਾਗਡੋਰ ਉੱਚ ਸਿੱਖਿਆ ਪ੍ਰਾਪਤ, ਵੱਕਾਰੀ, ਅਮੀਰ ਅਤੇ ਅਭਿਲਾਸ਼ੀ ਲੋਕਾਂ ਦੇ ਹੱਥਾਂ ਵਿੱਚ ਚਲੀ ਜਾਵੇਗੀ।

ਇਸ ਦਾ ਮਤਲਬ ਇਹ ਹੈ ਕਿ ਇਹ ਸਭ ਕੁਝ ਜਾਗੀਰਦਾਰਾਂ ਦੇ ਹੱਥਾਂ ਵਿਚ ਚਲਾ ਜਾਵੇਗਾ, ਜਿਨ੍ਹਾਂ ਕੋਲ ਜਾਇਦਾਦ, ਸਿੱਖਿਆ ਅਤੇ ਸਮਾਜਿਕ ਰੁਤਬਾ ਹੈ। ਜੀਵਨ ਦੇ ਹੋਰ ਖੇਤਰਾਂ ਵਾਂਗ ਰਾਜਨੀਤੀ ਵਿੱਚ ਵੀ ਤਾਕਤਵਰ ਲੋਕ ਹੀ ਜਿੱਤਦੇ ਰਹਿੰਦੇ ਹਨ। ਵਿੱਦਿਆ ਅਤੇ ਜਾਇਦਾਦ ਦੀ ਤਾਕਤ ਜਾਗੀਰਦਾਰਾਂ ਦੀ ਇਸ ਜਮਾਤ ਦੀ ਮਦਦ ਕਰੇਗੀ। ਪਰ ਸਮਾਜ ਦੇ ਕਮਜ਼ੋਰ ਤਬਕਿਆਂ ਲਈ ਆਪਣੀ ਸਿਆਸੀ ਦਾਅ ਲਈ ਜਗੀਰੂ ਤਬਕੇ ਦੀ ਹਮਾਇਤ ਕਰਨ ਵਾਲੀਆਂ ਇਨ੍ਹਾਂ ਤਾਕਤਾਂ ਵਿਰੁੱਧ ਲੜਨਾ ਕਾਫੀ ਨਹੀਂ ਹੋਵੇਗਾ।

ਇਕ ਹੋਰ ਸ਼ਕਤੀ ਹੈ ਜੋ ਸਤ੍ਹਾ 'ਤੇ ਬਹੁਤ ਸੂਖਮ ਦਿਖਾਈ ਦਿੰਦੀ ਹੈ ਪਰ ਬਹੁਤ ਪ੍ਰਭਾਵਸ਼ਾਲੀ ਹੈ ਜੋ ਉਨ੍ਹਾਂ ਦੀ ਸਮਾਜਿਕ ਸਥਿਤੀ ਵਿਚ ਸ਼ਾਮਲ ਹੈ। ਸਮਾਜਿਕ ਢਾਂਚੇ ਦੇ ਨਿਸ਼ਚਿਤ ਸਾਂਚੇ ਵਿੱਚ ਯੋਗਤਾ ਜਾਂ ਗੁਣ ਦੀ ਕੋਈ ਥਾਂ ਨਹੀਂ ਹੈ। ਭਾਰਤ ਵਿੱਚ ਸਿਰਫ਼ ਜਾਤ ਦੇ ਮਾਮਲੇ, ਜਾਤੀ ਦੀਆਂ ਭਾਵਨਾਵਾਂ ਪ੍ਰਬਲ ਹਨ, ਜੋ ਲੋਕਾਂ ਨੂੰ ਵੱਖ-ਵੱਖ ਜਾਤਾਂ ਦੇ ਲੋਕਾਂ ਨਾਲ ਟਕਰਾਅ ਲਈ ਉਕਸਾਉਂਦੀਆਂ ਰਹਿੰਦੀਆਂ ਹਨ। ਇਹ ਭਾਵਨਾ ਜ਼ਿਆਦਾਤਰ ਜਾਤਾਂ ਦੇ ਮਨਾਂ ਵਿੱਚ ਕੰਮ ਕਰ ਰਹੀ ਹੈ ਇਸ ਲਈ, ਉਹ ਘੱਟ ਗਿਣਤੀ ਜਾਤੀਆਂ ਲਈ ਭਿਆਨਕ ਰੁਕਾਵਟਾਂ ਪੈਦਾ ਕਰਨਗੇ ਅਤੇ ਸ਼ਾਇਦ ਉਨ੍ਹਾਂ ਲਈ ਰਾਜ ਪ੍ਰਬੰਧ ਦੇ ਦਰਵਾਜ਼ੇ ਹਮੇਸ਼ਾ ਲਈ ਬੰਦ ਕਰ ਦੇਣਗੇ। ਅਜਿਹੀਆਂ ਸਮਾਜਿਕ ਸਥਿਤੀਆਂ ਦੀ ਕਾਰਵਾਈ ਦਾ ਦਲਿਤ ਵਰਗ 'ਤੇ ਜ਼ਾਹਿਰ ਤੌਰ 'ਤੇ ਭਿਆਨਕ ਪ੍ਰਭਾਵ ਪਵੇਗਾ।

ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਹਿੰਦੂ ਧਰਮ ਦੇ ਅਨੁਸਾਰ, ਭਾਰਤ ਵਿੱਚ ਜਾਤਾਂ ਦੀ ਰਚਨਾ ਚੜ੍ਹਦੇ ਕ੍ਰਮ ਵਿੱਚ ਸਤਿਕਾਰਯੋਗ ਅਤੇ ਉਤਰਦੇ ਕ੍ਰਮ ਵਿੱਚ ਨਿੰਦਣਯੋਗ ਹੈ। ਰੁਤਬੇ ਦੀ ਇਸ ਪੈਦਾਇਸ਼ੀ ਮੋਹਰ ਦੇ ਨਤੀਜੇ ਵਜੋਂ, ਨੀਵੀਂ ਜਾਤ ਦੇ ਲੋਕਾਂ ਦੇ ਮਨਾਂ ਵਿੱਚ ਸਿਰਫ ਉੱਚ ਜਾਤੀ ਦੇ ਉਮੀਦਵਾਰ ਨੂੰ ਹੀ ਪਸੰਦ ਕਰਨ ਅਤੇ ਢੁਕਵਾਂ ਮੰਨਣ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਮਾਨਸਿਕ ਸਥਿਤੀ ਦਾ ਦਲਿਤ ਵਰਗ ਦੇ ਹਾਕਮ ਸੱਤਾ ਲਈ ਕੀਤੇ ਗਏ ਸੰਵਿਧਾਨਕ ਯਤਨਾਂ 'ਤੇ ਮਾੜਾ ਅਸਰ ਪਵੇਗਾ। ਛੂਹਣਯੋਗ ਲੋਕ ਅਛੂਤ ਉਮੀਦਵਾਰ ਨੂੰ ਇੱਕ ਵੀ ਵੋਟ ਪਾਏ ਬਿਨਾਂ ਅਛੂਤਾਂ ਦੀਆਂ ਬਹੁਤ ਸਾਰੀਆਂ ਵੋਟਾਂ ਪ੍ਰਾਪਤ ਕਰ ਸਕਦੇ ਹਨ। ਅਤੇ ਇਸ ਦਾ ਅਸਰ ਇਹ ਹੋਵੇਗਾ ਕਿ ਅਛੂਤ ਸਿਰਫ਼ ਚੋਣਾਂ ਹੀ ਨਹੀਂ ਹਾਰਣਗੇ, ਅਸਲ ਵਿੱਚ, ਤੁਸੀਂ ਅਣਜਾਣੇ ਵਿੱਚ ਆਪਣੇ ਪ੍ਰਤੀਯੋਗੀਆਂ ਲਈ ਮਦਦਗਾਰ ਬਣੋਗੇ। ਜੇਕਰ ਸਮਾਜਿਕ ਸਥਿਤੀਆਂ ਵੱਲ ਧਿਆਨ ਨਾ ਦੇਣ ਕਾਰਨ, ਅਮੀਰ, ਉੱਚ-ਸਿੱਖਿਅਤ ਅਤੇ ਉੱਚ ਜਾਤੀ ਦੇ ਲੋਕਾਂ ਦੇ ਰਾਜ ਅਧੀਨ ਜਾਗੀਰਦਾਰੀ ਸਥਾਪਿਤ ਹੋ ਰਹੀ ਹੈ, ਤਾਂ ਮੈਂ ਸਮਝਦਾ ਹਾਂ ਕਿ ਇਸ ਨੂੰ ਹਰ ਤਰ੍ਹਾਂ ਦੇ ਉਪਾਅ ਦੁਆਰਾ ਰੋਕਣਾ ਸਾਡਾ ਫਰਜ਼ ਹੈ ਜੋ ਸਾਡੇ ਉਦੇਸ਼ ਦੇ ਅਨੁਕੂਲ ਹਨ। ਕਿਉਂਕਿ ਸਾਡਾ ਬੌਸ ਬਦਲ ਗਿਆ ਹੈ ਇਹ ਮੰਨ ਕੇ ਸਾਨੂੰ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹੋਣਾ ਚਾਹੀਦਾ।

ਕਿਸੇ ਵੀ ਦੇਸ਼ ਲਈ ਉਸ ਉੱਤੇ ਦੂਜੇ ਦੇਸ਼ ਦਾ ਸਾਮਰਾਜ ਹੋਣਾ ਠੀਕ ਨਹੀਂ ਹੈ। ਮੈਂ ਕਾਂਗਰਸੀ ਲੋਕਾਂ ਦੀ ਇਸ ਰਾਏ ਨੂੰ ਸਵੀਕਾਰ ਕਰਦਾ ਹਾਂ। ਪਰ ਮੈਨੂੰ ਉਨ੍ਹਾਂ ਨੂੰ ਸਾਫ਼-ਸਾਫ਼ ਦੱਸਣ ਦੀ ਆਜ਼ਾਦੀ ਵੀ ਹੈ ਕਿ ਉਨ੍ਹਾਂ ਦੀ ਕਹਾਣੀ ਇੱਥੇ ਹੀ ਖ਼ਤਮ ਨਹੀਂ ਹੁੰਦੀ, ਸਗੋਂ ਇਹ ਵੀ ਸੱਚ ਹੈ ਕਿ ਕਿਸੇ ਜਮਾਤ ਲਈ ਦੂਜੀ ਜਮਾਤ ਉੱਤੇ ਹਾਵੀ ਹੋਣਾ ਠੀਕ ਨਹੀਂ ਹੈ।

ਯੂਰਪੀ ਨੌਕਰਸ਼ਾਹੀ, ਲਾਲ ਫੀਤਾਸ਼ਾਹੀ ਅਤੇ ਦੇਸੀ ਜਾਗੀਰਦਾਰੀ ਉਹ ਸ਼ਬਦ ਹਨ ਜੋ ਮੈਂ ਦੌਲਤ, ਸਿੱਖਿਆ ਅਤੇ ਸਮਾਜਿਕ ਰੁਤਬੇ ਲਈ ਵਰਤ ਰਿਹਾ ਹਾਂ। ਇਨ੍ਹਾਂ ਦੋਵਾਂ ਵਿੱਚੋਂ ਕੌਣ ਜਨਤਾ ਦੀ ਚੰਗੀ ਦੇਖਭਾਲ ਕਰ ਸਕਦਾ ਹੈ? ਦੇਸੀ ਜਾਗੀਰਦਾਰ ਕਹਿੰਦੇ ਹਨ ਕਿ ਲੋਕਾਂ ਦੀ ਹਾਲਤ, ਉਨ੍ਹਾਂ ਦੀਆਂ ਆਦਤਾਂ, ਉਨ੍ਹਾਂ ਦੇ ਸੋਚਣ ਅਤੇ ਰਹਿਣ-ਸਹਿਣ ਦੇ ਢੰਗ, ਉਨ੍ਹਾਂ ਦੀਆਂ ਲੋੜਾਂ ਅਤੇ ਸ਼ਿਕਾਇਤਾਂ ਅਤੇ ਉਨ੍ਹਾਂ ਦੇ ਸੁਲ੍ਹਾ-ਸਫਾਈ ਦੇ ਤਰੀਕਿਆਂ ਬਾਰੇ ਉਸ ਦਾ ਗਿਆਨ ਅੰਗਰੇਜ਼ ਨੌਕਰਸ਼ਾਹਾਂ ਨਾਲੋਂ ਵੱਧ ਹੈ। ਅਜਿਹਾ ਹੋ ਸਕਦਾ ਹੈ, ਪਰ ਦੇਸੀ ਜਾਗੀਰਦਾਰਾਂ ਦੇ ਮਨਾਂ ਵਿੱਚ ਦੂਜੀਆਂ ਜਮਾਤਾਂ ਪ੍ਰਤੀ ਪੱਖਪਾਤ ਦੀ ਭਾਵਨਾ ਹੈ, ਵੰਸ਼ ਦਾ ਹੰਕਾਰ ਸਾਫ਼ ਨਜ਼ਰ ਆਉਂਦਾ ਹੈ। ਆਪਣੀ ਹੀ ਜਾਤ ਦੇ ਸਾਥੀਆਂ ਪ੍ਰਤੀ ਪੱਖਪਾਤੀ ਹੋਣ ਦੀ ਮਾਨਸਿਕਤਾ ਹੈ। ਨਾਲ ਹੀ, ਆਮ ਲੋਕਾਂ ਦੇ ਭਵਿੱਖ ਦਾ ਫੈਸਲਾ ਕਰਨ ਲਈ ਸ਼ਾਸਨ ਦੀ ਸ਼ਕਤੀ ਉਨ੍ਹਾਂ ਦੇ ਹਵਾਲੇ ਨਾ ਕੀਤੀ ਜਾਵੇ,

ਮੈਨੂੰ ਨਹੀਂ ਲੱਗਦਾ ਕਿ ਉਸ 'ਤੇ ਲੱਗੇ ਗੰਭੀਰ ਦੋਸ਼ਾਂ ਕਾਰਨ ਉਹ ਪੂਰੀ ਤਰ੍ਹਾਂ ਬੇਕਸੂਰ ਹੋ ਕੇ ਬਰੀ ਹੋ ਸਕਦੇ ਹਨ ਅਤੇ ਉਹਨਾਂ ਨੂੰ

"ਇਕੁਐਲਿਟੀ ਐਂਡ ਜਸਟਿਸ"
"Equality and Justice"
ਸਵਤੰਤ੍ਰਤਾ, ਸਮਾਨਤਾ, ਭਾਈਚਾਰਾ
Rs- 100/month

ਬਰੀ ਨਹੀਂ ਕੀਤਾ ਜਾ ਸਕਦਾ। ਅਸਲ ਵਿੱਚ, ਕੋਈ ਹੋਰ ਵੀ ਅੱਗੇ ਜਾ ਕੇ ਕਹਿ ਸਕਦਾ ਹੈ ਕਿ ਉਨ੍ਹਾਂ ਅਤੇ ਆਮ ਲੋਕਾਂ ਵਿੱਚ ਮੌਜੂਦ ਡੂੰਘੇ ਪਾੜੇ ਕਾਰਨ ਉਨ੍ਹਾਂ ਲਈ ਆਮ ਲੋਕਾਂ ਦੀਆਂ ਲੋੜਾਂ, ਉਮੀਦਾਂ ਅਤੇ ਇੱਛਾਵਾਂ ਦਾ ਗਿਆਨ ਹੋਣਾ ਸੰਭਵ ਨਹੀਂ ਹੈ। ਇੰਨਾ ਹੀ ਨਹੀਂ ਇਹ ਵਰਗ ਆਮ ਲੋਕਾਂ ਦੀਆਂ ਆਸਾਂ-ਉਮੀਦਾਂ ਦਾ ਦੁਸ਼ਮਣ ਹੈ। ਇਹੀ ਕਾਰਨ ਹੈ ਕਿ ਮੈਂ ਇੰਨੇ ਜ਼ੋਰ ਨਾਲ ਕਹਿ ਰਿਹਾ ਹਾਂ ਕਿ ਸ਼ਾਸਨ ਦੀ ਸੱਤਾ ਇਸ ਦੇਸੀ ਜਾਗੀਰਦਾਰ ਜਮਾਤ ਨੂੰ ਨਹੀਂ ਸੌਂਪੀ ਜਾ ਸਕਦੀ। ਇਹ ਹਜ਼ਾਰਾਂ ਸਾਲਾਂ ਤੋਂ ਪ੍ਰਚਲਿਤ ਹੈ ਅਤੇ ਅੱਜ ਵੀ ਲਾਗੂ ਹੈ। ਸਵਰਾਜ ਦਾ ਇਹ ਮਹਿਜ਼ ਵਿਚਾਰ ਜਮਹੂਰੀਅਤ ਬਾਰੇ ਆਮ ਲੋਕਾਂ ਦੀ ਧਾਰਨਾ ਨਾਲ ਮੇਲ ਨਹੀਂ ਖਾਂਦਾ। ਹਰੇਕ ਵਿਅਕਤੀ ਦੀ ਕੀਮਤ ਨੂੰ ਪਛਾਣਨਾ ਆਧੁਨਿਕ ਲੋਕਤੰਤਰੀ ਰਾਜ ਦਾ ਮੂਲ ਤੱਤ ਹੈ ਅਤੇ ਹਰ ਵਿਅਕਤੀ ਨੂੰ ਇਹ ਜੀਵਨ ਜਿਊਣ ਦਾ ਮੌਕਾ ਇੱਕ ਵਾਰ ਹੀ ਮਿਲਦਾ ਹੈ, ਇਸ ਲਈ ਹਰ ਵਿਅਕਤੀ ਨੂੰ ਆਪਣੇ ਗੁਣਾਂ ਨੂੰ ਵਿਕਸਿਤ ਕਰਨ ਦਾ ਪੂਰਾ ਮੌਕਾ ਮਿਲਣਾ ਚਾਹੀਦਾ ਹੈ।

ਭਾਰਤ ਦੇ ਜਾਗੀਰਦਾਰਾਂ ਨੇ ਇਹਨਾਂ ਵਿੱਚੋਂ ਕਿਸੇ ਵੀ ਸਿਧਾਂਤ ਨੂੰ ਸਵੀਕਾਰ ਕੀਤਾ, ਅਤੇ ਉਹਨਾਂ ਦਾ ਮੰਨਣਾ ਹੈ ਕਿ ਇਹ ਜੀਵਨ ਅਨੇਕਾਂ ਜਨਮਾਂ ਦੀ ਲੜੀ ਦਾ ਹੀ ਇੱਕ ਹਿੱਸਾ ਹੈ ਅਤੇ ਵਰਤਮਾਨ ਜੀਵਨ ਦੀ ਅਵਸਥਾ ਉਹਨਾਂ ਦੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਹੈ। ਮਨੁੱਖ ਦੇ ਵਰਤਮਾਨ ਜੀਵਨ ਦਾ ਨਤੀਜਾ ਉਸ ਦੇ ਪਿਛਲੇ ਜਨਮ ਵਿੱਚ ਕੀਤੇ ਪਾਪਾਂ ਅਤੇ ਪੁੰਨਾਂ ਅਨੁਸਾਰ ਤੈਅ ਹੁੰਦਾ ਹੈ। ਕਿਸੇ ਦਾ ਚਰਿੱਤਰ ਭਾਵੇਂ ਕਿੰਨਾ ਵੀ ਚਮਕਦਾਰ ਕਿਉਂ ਨਾ ਹੋਵੇ, ਉਸ ਨੇ ਜਿੰਨੀ ਮਰਜ਼ੀ ਯੋਗਤਾ ਹਾਸਲ ਕਰ ਲਈ ਹੋਵੇ, ਜਨਮ ਤੋਂ ਪ੍ਰਾਪਤ ਉਸ ਦੇ ਸਮਾਜਿਕ ਰੁਤਬੇ ਵਿੱਚ ਕੋਈ ਤਬਦੀਲੀ ਨਹੀਂ ਆ ਸਕਦੀ। ਜਗੀਰਦਾਰੀ ਦਾ ਸਿਧਾਂਤ ਇਹ ਹੈ ਕਿ ਜਦੋਂ ਕੋਈ ਬ੍ਰਾਹਮਣ ਪੈਦਾ ਹੁੰਦਾ ਹੈ, ਤਾਂ ਉਹ ਸਾਰੀ ਉਮਰ ਬ੍ਰਾਹਮਣ ਤੋਂ ਇਲਾਵਾ ਹੋਰ ਕੁਝ ਨਹੀਂ ਹੋ ਸਕਦਾ। ਅਤੇ ਭਾਵੇਂ ਕੁਝ ਵੀ ਹੋ ਜਾਵੇ, ਇੱਕ ਪੈਰੀਆ ਇੱਕ ਪੈਰੀਆ ਰਹਿੰਦਾ ਹੈ। ਇਹ ਕੋਈ ਗੱਪ ਨਹੀਂ ਹੈ, ਇਹ ਉਹ ਧਾਰਮਿਕ ਵਿਸ਼ਵਾਸ ਹੈ ਜੋ ਮੌਜੂਦਾ ਸਮੇਂ ਵਿੱਚ ਹੋਂਦ ਵਿੱਚ ਹੈ। ਅਜਿਹੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਬੇਰੋਕ ਸੱਤਾ ਸੌਂਪਣਾ ਜਲਾਦ ਨੂੰ ਚਾਕੂ ਸੌਂਪਣ ਦੇ ਬਰਾਬਰ ਹੈ।

# ਇੱਕੋ ਜਾਤੀ ਦੇ ਪੀਐਚਡੀ ਵਿਦਵਾਨਾਂ ਨੂੰ ਤਰਜੀਹ ਦਿੰਦਾ ਸੀ, ਦੂਜਿਆਂ ਤੋਂ ਘਰੇਲੂ ਕੰਮ ਕਰਵਾਉਂਦਾ ਸੀ: ਪੇਰੀਆਰ ਯੂਨੀਵਰਸਿਟੀ ਵਿੱਚ ਜਾਤੀ ਭੇਦਭਾਵ ਦੇ ਦੋਸ਼ੀ ਪ੍ਰੋਫੈਸਰ ਮੁਅੱਤਲ

**ਪ੍ਰੋਫੈਸਰ 'ਤੇ ਸਾਥੀਆਂ ਅਤੇ ਗੈਰ-ਅਧਿਆਪਨ ਸਟਾਫ ਨੂੰ ਧਮਕਾਉਣ, ਜਨਤਕ ਤੌਰ 'ਤੇ ਵਿਦਿਆਰਥੀਆਂ ਦਾ ਅਪਮਾਨ ਕਰਨ ਅਤੇ ਪ੍ਰਸ਼ਾਸਨਿਕ ਮਾਮਲਿਆਂ ਵਿੱਚ ਪੱਖਪਾਤ ਕਰਨ ਦਾ ਦੋਸ਼ ਹੈ।**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com




ਸਲੇਮ- ਤਾਮਿਲਨਾਡੂ ਦੀ ਪੇਰੀਆਰ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਵੱਲੋਂ ਜਾਤੀ ਭੇਦਭਾਵ ਦੇ ਗੰਭੀਰ ਦੋਸ਼ਾਂ ਤੋਂ ਬਾਅਦ ਸ਼ੁੱਕਰਵਾਰ ਨੂੰ ਤਾਮਿਲ ਵਿਭਾਗ ਦੇ ਪ੍ਰੋਫੈਸਰ ਟੀ. ਪੇਰੀਅਸਮੀ ਨੂੰ ਮੁਅੱਤਲ ਕਰ ਦਿੱਤਾ ਗਿਆ। ਪੇਰੀਅਸਮੀ ਪਿਛਲੇ 12 ਸਾਲਾਂ ਤੋਂ ਵਿਭਾਗ ਦੇ ਮੁਖੀ ਵਜੋਂ ਕੰਮ ਕਰ ਰਹੇ ਸਨ ਅਤੇ ਜੂਨ 2025 ਤੱਕ ਇਸ ਅਹੁਦੇ 'ਤੇ ਰਹੇ। ਹਾਲ ਹੀ ਵਿੱਚ, 10 ਤੋਂ ਵੱਧ ਪੀਐਚਡੀ ਵਿਦਵਾਨਾਂ ਨੇ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਕਮੇਟੀ ਨੂੰ ਸ਼ਿਕਾਇਤਾਂ ਸੌਂਪੀਆਂ, ਉਨ੍ਹਾਂ 'ਤੇ ਜਾਤੀ ਭੇਦਭਾਵ, ਸਾਲਾਂ ਤੱਕ ਪੀਐਚਡੀ ਪੂਰੀ ਨਾ ਕਰਨ, ਸ਼ਕਤੀ ਦੀ ਦੁਰਵਰਤੋਂ, ਖੋਜਕਰਤਾਵਾਂ ਨੂੰ ਘਰੇਲੂ ਕੰਮ ਵਿੱਚ ਲਗਾਉਣ ਅਤੇ ਸਹਿਯੋਗੀਆਂ ਨਾਲ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਨ ਦੇ ਦੋਸ਼ ਲਗਾਏ।

ਸ਼ਿਕਾਇਤਕਰਤਾਵਾਂ ਨੇ ਦਾਅਵਾ ਕੀਤਾ ਕਿ ਪ੍ਰੋਫੈਸਰ ਪੇਰੀਅਸਮੀ ਨੇ ਆਪਣੀ ਜਾਤੀ ਦੇ ਖੋਜਕਰਤਾਵਾਂ ਨੂੰ ਤਰਜੀਹ ਦਿੱਤੀ, ਜਦੋਂ ਕਿ ਦੂਜੀਆਂ ਜਾਤੀਆਂ ਦੇ ਵਿਦਿਆਰਥੀਆਂ ਨੂੰ ਨਿਯਮਾਂ ਦੀ ਪਾਲਣਾ ਵੱਖਰੇ ਢੰਗ ਨਾਲ ਕਰਨ ਲਈ ਮਜਬੂਰ ਕੀਤਾ ਗਿਆ। ਇੱਕ ਅਨੁਸੂਚਿਤ ਜਾਤੀ ਦੇ ਖੋਜਕਰਤਾ ਨੇ ਦੋਸ਼ ਲਗਾਇਆ ਕਿ ਉਸਨੂੰ ਯੂਨੀਵਰਸਿਟੀ ਰਿਸਰਚ ਫੈਲੋਸ਼ਿਪ (ਯੂਆਰਐਫ) ਲਈ ਸਿਫਾਰਸ਼ ਨਹੀਂ ਕੀਤੀ ਗਈ ਸੀ ਅਤੇ ਉਸਦੀ ਪੀਐਚਡੀ ਵਿੱਚ ਰੁਕਾਵਟ ਪਾਈ ਗਈ ਸੀ। ਇੱਕ ਹੋਰ ਐਮਬੀਸੀ ਕਮਿਉਨਿਟੀ ਖੋਜਕਰਤਾ ਨੇ ਕਿਹਾ ਕਿ ਉਸਨੂੰ ਖਰੀਦਦਾਰੀ, ਬੈਂਕਿੰਗ, ਬੱਚਿਆਂ ਨੂੰ ਚੁੱਕਣਾ ਅਤੇ ਘਰ ਦੀ ਉਸਾਰੀ ਲਈ ਪਾਣੀ ਪਿਲਾਉਣ ਵਰਗੇ ਨਿੱਜੀ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ। ਸ਼ਿਕਾਇਤਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ 2013 ਤੋਂ 2022 ਤੱਕ, 19 ਖੋਜਕਰਤਾਵਾਂ ਨੇ ਵਿਤਕਰੇ ਅਤੇ ਦੁਰਵਿਵਹਾਰ ਕਾਰਨ ਆਪਣੀ ਖੋਜ ਛੱਡ ਦਿੱਤੀ। ਜੇਕਰ ਕਿਸੇ ਗਾਈਡ ਦਾ ਉਸ ਨਾਲ ਚੰਗਾ ਰਿਸ਼ਤਾ ਨਹੀਂ ਹੁੰਦਾ, ਤਾਂ ਉਹ ਉਨ੍ਹਾਂ ਦਾ ਥੀਸਿਸ ਮੁਲਾਂਕਣ ਲਈ ਨਹੀਂ ਭੇਜਦਾ ਸੀ।

ਇਸ ਤੋਂ ਇਲਾਵਾ, ਪ੍ਰੋਫੈਸਰ 'ਤੇ ਸਾਥੀਆਂ ਅਤੇ ਗੈਰ-ਅਧਿਆਪਨ ਸਟਾਫ ਨੂੰ ਡਰਾਉਣ, ਜਨਤਕ ਤੌਰ 'ਤੇ ਵਿਦਿਆਰਥੀਆਂ ਦਾ ਅਪਮਾਨ ਕਰਨ ਅਤੇ ਪ੍ਰਸ਼ਾਸਨਿਕ ਮਾਮਲਿਆਂ ਵਿੱਚ ਪੱਖਪਾਤ ਕਰਨ ਦਾ ਦੋਸ਼ ਹੈ। ਪਹਿਲਾਂ ਸ਼ਿਕਾਇਤਾਂ ਵਾਈਸ ਚਾਂਸਲਰ ਅਤੇ ਰਜਿਸਟਰਾਰ ਤੱਕ ਪਹੁੰਚੀਆਂ ਸਨ, ਪਰ ਉਨ੍ਹਾਂ ਨੂੰ ਪੇਰੀਆਸਾਮੀ ਕੋਲ ਭੇਜ ਦਿੱਤਾ ਗਿਆ, ਜਿਸ ਤੋਂ ਬਾਅਦ ਉਸਨੇ ਸ਼ਿਕਾਇਤਕਰਤਾਵਾਂ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ।

ਦ ਹਿੰਦੂ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਤੋਂ ਬਾਅਦ, ਰਾਸ਼ਟਰੀ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਸਲੇਮ ਜ਼ਿਲ੍ਹਾ ਕੁਲੈਕਟਰ ਅਤੇ ਪੁਲਿਸ ਤੋਂ ਰਿਪੋਰਟ ਮੰਗੀ। ਯੂਨੀਵਰਸਿਟੀ ਪ੍ਰਸ਼ਾਸਨ ਨੇ ਦੋਸ਼ਾਂ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ, ਜਿਸ ਵਿੱਚ ਕਾਲਜੀਏਟ ਸਿੱਖਿਆ ਕਮਿਸ਼ਨਰ ਈ. ਸੁੰਦਰਵੱਲੀ, ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਦੇ ਮੁਖੀ ਆਰ. ਸੁਬਰਾਮਣੀ ਅਤੇ ਸ਼੍ਰੀ ਸ਼ਕਤੀ ਕੈਲਾਸ਼ ਕਾਲਜ ਫਾਰ ਵੂਮੈਨ ਪ੍ਰਿੰਸੀਪਲ ਐਸ. ਜਯੰਤੀ ਸ਼ਾਮਲ ਸਨ।

**2013 ਤੋਂ 2022 ਤੱਕ, 19 ਖੋਜਕਰਤਾਵਾਂ ਨੇ ਵਿਤਕਰੇ ਅਤੇ ਦੁਰਵਿਵਹਾਰ ਕਾਰਨ ਆਪਣੀ ਖੋਜ ਛੱਡ ਦਿੱਤੀ। ਜੇਕਰ ਕਿਸੇ ਗਾਈਡ ਦਾ ਉਨ੍ਹਾਂ ਨਾਲ ਚੰਗਾ ਰਿਸ਼ਤਾ ਨਹੀਂ ਹੁੰਦਾ, ਤਾਂ ਉਹ ਉਨ੍ਹਾਂ ਦੇ ਥੀਸਿਸ ਨੂੰ ਮੁਲਾਂਕਣ ਲਈ ਨਹੀਂ ਭੇਜਦਾ ਸੀ।**

ਕਮੇਟੀ ਨੇ ਆਪਣੀ ਜਾਂਚ ਵਿੱਚ ਪਾਇਆ ਕਿ ਦੋਸ਼ ਗੰਭੀਰ ਸਨ ਅਤੇ ਪਹਿਲੀ ਨਜ਼ਰੇ ਸਬੂਤਾਂ ਨੇ ਦੁਰਵਿਵਹਾਰ ਦੀ ਪੁਸ਼ਟੀ ਕੀਤੀ, ਜਿਸ ਵਿੱਚ ਤੁਰੰਤ ਅਨੁਸ਼ਾਸਨੀ ਕਾਰਵਾਈ ਅਤੇ ਵਿਭਾਗੀ ਜਾਂਚ ਦੀ ਮੰਗ ਕੀਤੀ ਗਈ। "ਯੂਨੀਵਰਸਿਟੀ ਅਤੇ ਵੱਡੇ ਜਨਤਾ ਦੇ ਹਿੱਤ ਵਿੱਚ, ਪ੍ਰੋਫੈਸਰ ਪੇਰੀਆਸਾਮੀ ਨੂੰ ਤੁਰੰਤ ਪ੍ਰਭਾਵ ਨਾਲ ਸੇਵਾ ਤੋਂ ਮੁਅੱਤਲ ਕੀਤਾ ਜਾਂਦਾ ਹੈ। ਉਹ ਯੂਨੀਵਰਸਿਟੀ ਕੈਂਪਸ ਵਿੱਚ ਦਾਖਲ ਨਹੀਂ ਹੋ ਸਕਦੇ ਅਤੇ ਬਿਨਾਂ ਲਿਖਤੀ ਇਜਾਜ਼ਤ ਦੇ ਸਲੇਮ ਨਹੀਂ ਛੱਡ ਸਕਦੇ। ਮੁਅੱਤਲੀ ਦੀ ਮਿਆਦ ਦੇ ਦੌਰਾਨ, ਉਹ ਕਾਨੂੰਨ ਅਨੁਸਾਰ ਗੁਜ਼ਾਰਾ ਭੱਤਾ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ," 29 ਅਗਸਤ ਨੂੰ ਜਾਰੀ ਕੀਤੇ ਗਏ ਹੁਕਮ ਵਿੱਚ ਕਿਹਾ ਗਿਆ ਹੈ। ਵਿਭਾਗੀ ਜਾਂਚ ਚੱਲ ਰਹੀ ਹੈ ਅਤੇ ਇਸਦੇ ਨਤੀਜੇ ਦੇ ਆਧਾਰ 'ਤੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।

ਪੇਰੀਆਰ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ (PUTA) ਨੇ ਫੈਸਲੇ ਦਾ ਸਵਾਗਤ ਕੀਤਾ ਅਤੇ ਤਾਮਿਲਨਾਡੂ ਸਰਕਾਰ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਪ੍ਰੋਫੈਸਰ ਪੇਰੀਆਸਾਮੀ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ ਕਿਹਾ ਹੈ ਕਿ ਉਸਨੇ ਨਿਯਮਾਂ ਦੀ ਪਾਲਣਾ ਕੀਤੀ ਅਤੇ ਸ਼ਿਕਾਇਤਾਂ ਮਨਘੜਤ ਸਨ। ਉਹ ਜਾਅਲੀ ਤਜਰਬਾ ਸਰਟੀਫਿਕੇਟ ਜਮ੍ਹਾਂ ਕਰਾਉਣ ਦੇ ਦੋਸ਼ਾਂ ਦੀ ਇੱਕ ਵੱਖਰੀ ਜਾਂਚ ਦਾ ਵੀ ਸਾਹਮਣਾ ਕਰ ਰਹੇ ਹਨ।

# ਫਿਲੌਰ ਵਿਖੇ 9 ਸਤੰਬਰ ਨੂੰ ਦੁਆਬਾ ਪੱਧਰ ਦਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ --ਕਰੀਮਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com

ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਮੇਂ ਬੀ ਐੱਸ ਪੀ ਮੈਦਾਨ ਮੇਂ। ਜਲੰਧਰ (ਚਰਨਜੀਤ ਸੱਲ੍ਹਾਂ ) ਫਿਲੌਰ ਵਿਖੇ 9 ਸਤੰਬਰ ਨੂੰ ਦੁਆਬਾ ਪੱਧਰ ਤੇ ਰੋਸ਼ ਪ੍ਰਦਰਸਨ ਬਸਪਾ ਵੱਲੋਂ ਕੀਤਾ ਜਾਵੇਗਾ ਇਸ ਗੱਲ ਦਾ ਪ੍ਰਗਟਾਵਾ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਪ੍ਰੈਸ ਕੋਲ ਕੀਤਾ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਹੀ ਹੜ੍ਹ ਆਇਆ ਹੋਇਆ ਹੈ ਜਿਸ ਕਰਕੇ ਲੋਕ ਵੱਖ ਵੱਖ ਸਮਿੱਸਿਆ ਨਾਲ ਜੂਝ ਰਹੇ ਹਨ ਪਰ ਇਸ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ ਇਹ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਜੀ ਦੀ ਚਾਰਦੀਵਾਰੀ ਨੂੰ ਢਹਿ ਢੇਰੀ ਕੀਤਾ ਹੈ ਜੋਂ ਅਜੇ ਤੱਕ ਵੀ ਜਿਉਂ ਦਾ ਤਿਉਂ ਹੈ ਕਸੂਰ ਵਾਰ ਬਿਨਾਂ ਕਿਸੇ ਡਰ ਤੋਂ ਬਾਹਰ ਘੁੰਮ ਰਹੇ ਹਨ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਮੇਂ ਬੀ ਐੱਸ ਪੀ ਮੈਦਾਨ ਮੇਂ ਪੰਜਾਬ ਸੰਭਾਲੋ ਮੁਹਿੰਮ ਤਹਿਤ ਦੁਆਬਾ ਪੱਧਰ ਤੇ ਰੋਸ਼ ਪ੍ਰਦਰਸਨ ਐਸ ਡੀ ਐਮ ਫਿਲੌਰ ਵਿਖੇ ਕੀਤਾ ਜਾਵੇਗਾ ਸੋ ਸਾਰੀਆਂ ਜਥੇਬੰਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ, ਬਾਬਾ ਸਾਹਿਬ ਡਾ ਅੰਬੇਡਕਰ ਸਭਾਵਾਂ, ਰਿਸ਼ੀ ਵਾਲਮੀਕ



ਸਭਾਵਾਂ ਅਤੇ ਹੋਰ ਅਮਨ ਪਸੰਦ ਇਨਸਾਫ਼ ਪਸੰਦ ਸਭਾਵਾਂ ਨੂੰ ਇਸ ਮੌਕੇ ਤੇ 9 ਸਤੰਬਰ ਨੂੰ ਫਿਲੌਰ ਵਿਖੇ ਪਹੁੰਚਣ ਦਾ ਸੱਦਾ ਦਿੰਦੇ ਹਾਂ।

# ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਸੜੋਆ ਦੀ ਮੀਟਿੰਗ ਹੋਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com

ਸੜੋਆ (ਚਰਨਜੀਤ ਸੱਲ੍ਹਾਂ )ਅੱਜ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਸੜੋਆ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨ ਪੁਰ ਹਾਜ਼ਰ ਇਹ ਮੀਟਿੰਗ ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਚੱਲਣ ਦਾ ਪ੍ਰਣ ਕੀਤਾ



ਗਿਆ ਇਸ ਦੌਰਾਨ ਉਨ੍ਹਾਂ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਆਏ ਕੁਦਰਤੀ ਹੜਾਂ ਦੇ ਹੋਏ ਨੁਕਸਾਨ ਦਾ ਜਥੇਬੰਦੀ ਦੁਖ ਪ੍ਰਗਟ ਕਰਦੀ ਹੈ ਹੜ ਪੀੜਤਾਂ ਲਈ ਐਸੋਸੀਏਸ਼ਨ ਲਗਾਤਾਰ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਕਾਲਖ ਦੀ ਰਹਿਨੁਮਾਈ ਹੇਠ ਲਗਾਏ ਗਏ ਕੈਂਪਾ ਦੀ ਸ਼ਲਾਘਾ ਕੀਤੀ ਅਤੇ ਮੈਡੀਕਲ ਕੈਂਪ ਨੂੰ ਚਲਦਾ ਰੱਖਣ ਅਤੇ ਮੈਡੀਕਲ ਸੇਵਾਵਾਂ ਦੇਣ ਲਈ ਸਾਡਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਆਪਣੀਆ ਸੇਵਾਵਾਂ ਨਿਭਾਈਆਂ ਜਾਣਗੀਆਂ ਇਸ ਦੌਰਾਨ ਸਮੂਹ ਮੈਂਬਰਾਂ ਨੂੰ ਜਥੇਬੰਦੀ ਦੇ ਸਰਟੀਫਿਕੇਟ ਆਈ ਕਾਰਡ ਤੇ ਕਲੀਨਿਕ ਦੇ ਫਲੈਕਸ ਬੋਰਡ ਵੰਡੇ ਗਏ ਇਸ ਦੌਰਾਨ ਹਾਜ਼ਰ ਹੋਏ ਡਾਕਟਰ ਜਗਤਾਰ ਸਿੰਘ ਡਾਕਟਰ ਪ੍ਰੇਮ ਡਾਕਟਰ ਜਗਜੀਵਨ ਰਾਮ ਡਾਕਟਰ ਹਰਮੇਸ਼ ਲਾਲ ਡਾਕਟਰ ਅਮਰਜੀਤ ਸਿੰਘ ਡਾਕਟਰ ਰਾਕੇਸ਼ ਡਾਕਟਰ ਇਕਬਾਲ ਸਿੰਘ ਡਾਕਟਰ ਜੋਗ ਰਾਜ ਡਾਕਟਰ ਹੈਪੀ ਡਾਕਟਰ ਦਿਲਬਾਗ ਸਿੰਘ ਡਾਕਟਰ ਹੰਸ ਰਾਜ ਡਾਕਟਰ ਸ਼ੇਰ ਸਿੰਘ ਡਾਕਟਰ ਗੁਰਦੇਵ ਸਿੰਘ ਡਾਕਟਰ ਅਮਰਜੀਤ ਡਾਕਟਰ ਲਲਿਤ ਡਾਕਟਰ ਨਿਰਮਲ ਸਿੰਘ ਡਾਕਟਰ ਜਸਵੀਰ ਮੋਜੇਵਾਲ ਪ੍ਰੈਸ ਸਕੱਤਰ ਡਾਕਟਰ ਬਲਵੀਰ ਮਾਨ ਆਦਿ ਹਾਜ਼ਰ ਸਨ

# ਆਫਤ ਦੇ ਸਮੇਂ ਭੁਪੇਸ਼ ਬਘੇਲ ਲੋਕਾਂ ਦੀ ਆਵਾਜ਼ ਬੁਲੰਦ ਕਰ ਰਹੇ ਹਨ : ਸੁਰਿੰਦਰ ਜੌੜਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com

ਜ਼ੀਰਾ 8 ਸਤੰਬਰ ( ਅੰਗਰੇਜ਼ ਬਰਾੜ ) - ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਸੁਰਿੰਦਰ ਸਿੰਘ ਜੌੜਾ ਨੇ ਕਿਹਾ ਹੈ ਕਿ ਕੁਲ ਹਿੰਦ ਕਾਂਗਰਸ ਦੇ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਸਮੁੱਚੇ ਦੇਸ਼ ਭਰ ਵਿੱਚ ਹੜ੍ਹ ਪੀੜਤਾਂ ਦੇ ਨਾਲ ਚਟਾਨ ਵਾਂਗ ਖੜੀ ਹੈ। ਉਹ ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਦੇ ਨਾਲ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ‘ਤੇ



ਸਨ। ਜੌੜਾ ਨੇ ਕਿਹਾ ਕਿ ਹੜ੍ਹਾਂ ਦੀ ਵਿਆਪਕ ਜਾਂਚ ਹੋਣੀ ਚਾਹੀਦੀ ਹੈ, ਕਿਉਂਕਿ ਇਹ ਆਫਤ ਕਿਉਂ ਅਤੇ ਕਿਵੇਂ ਆਈ, ਜੇਕਰ ਸਰਕਾਰਾਂ ਵੱਲੋਂ ਪਹਿਲਾਂ ਹੀ ਕੰਟਰੋਲ ਕਰ ਲਿਆ ਜਾਂਦਾ ਤਾਂ ਸ਼ਾਇਦ ਇਸ ਤਬਾਹੀ ਤੋਂ ਬਚਿਆ ਜਾ ਸਕਦਾ ਸੀ। ਉਹਨਾਂ ਕੇਂਦਰ ਅਤੇ ਰਾਜ ਸਰਕਾਰ ‘ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਹੁਣ ਤੱਕ ਇਹਨਾਂ ਸਰਕਾਰਾਂ ਨੇ ਸੂਬੇ ਦੀ ਭਲਾਈ ਲਈ ਕੋਈ ਢੰਗ ਦਾ ਕਦਮ ਨਹੀਂ ਚੁੱਕਿਆ। ਉਹਨਾਂ ਕਿਹਾ ਕਿ ਅੰਕੜੇ ਸਾਬਤ ਕਰਦੇ ਹਨ ਕਿ ਜਦੋਂ ਵੀ ਕੋਈ ਕੁਦਰਤੀ ਆਫਤ ਆਈ ਹੈ, ਕਾਂਗਰਸ ਪਾਰਟੀ ਹਮੇਸ਼ਾ ਪੰਜਾਬੀਆਂ ਦੇ ਨਾਲ ਹਿੱਕ ਤਾਣ ਕੇ ਖੜੀ ਰਹੀ ਹੈ। ਸੁਰਿੰਦਰ ਸਿੰਘ ਜੌੜਾ ਨੇ ਕਿਹਾ ਕਿ ਭੁਪੇਸ਼ ਬਘੇਲ ਦੇ ਨਾਲ ਉਹ ਮਾਝਾ, ਮਾਲਵਾ ਅਤੇ ਦੁਆਬਾ ਖੇਤਰਾਂ ਵਿੱਚ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਗਏ,ਜਿੱਥੇ ਲੋਕ ਕਾਂਗਰਸ ਪਾਰਟੀ ਦੇ ਯਤਨਾਂ ਦੀ ਪ੍ਰਸ਼ੰਸਾ ਕਰ ਰਹੇ ਹਨ। ਉਹਨਾਂ ਇਹ ਵੀ ਦੱਸਿਆ ਕਿ ਭੁਪੇਸ਼ ਬਘੇਲ ਨੇ ਕਰਤਾਰਪੁਰ ਵਿਖੇ ਸਥਿਤ ਕੋਰੀਡੋਰ ਦਾ ਵੀ ਦੌਰਾ ਕੀਤਾ ਅਤੇ ਉੱਥੇ ਪੀੜਤ ਪਰਿਵਾਰਾਂ ਨਾਲ ਮਿਲ ਕੇ ਉਹਨਾਂ ਦੇ ਦੁੱਖ ਸਾਂਝੇ ਕੀਤੇ। ਉਹਨਾਂ ਕਿਹਾ ਕਿ ਹੜ੍ਹਾਂ ਕਾਰਨ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਨੂੰ ਵੱਡੇ ਪੱਧਰ ‘ਤੇ ਨੁਕਸਾਨ ਹੋਇਆ ਹੈ ਅਤੇ ਇਸ ਸੰਕਟ ਦੀ ਘੜੀ ਵਿੱਚ ਕੇਵਲ ਕਾਂਗਰਸ ਪਾਰਟੀ ਹੀ ਲੋਕਾਂ ਦੇ ਨਾਲ ਖੜੀ ਨਜ਼ਰ ਆ ਰਹੀ ਹੈ।

# ਪਰਵਾਸੀ ਮਜਦੂਰ ਯੂਨੀਅਨ ਅਤੇ ਰੇਹੜੀ ਵਰਕਰ ਯੂਨੀਅਨ ਵਲੋਂ ਥਾਣਾ ਸਿਟੀ ਨਵਾਂਸ਼ਹਿਰ ਪੁਲਸ ਵਿਰੁੱਧ ਮੁਜਾਹਰਾ ਕਰਨ ਦਾ ਐਲਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) 20 ਦਿਨ ਬੀਤਣ ਤੋਂ ਬਾਅਦ ਵੀ ਗੁਰੂ ਤੇਗ ਬਹਾਦਰ ਨਗਰ ਨਵਾਂਸ਼ਹਿਰ ਦੇ ਵਸਨੀਕ ਰਾਮ ਪਰਵੇਸ਼ ਨੂੰ ਮੋਟਰਸਾਈਕਲ ਮਾਰਕੇ ਗੰਭੀਰ ਫੱਟੜ ਕਰਨ ਵਾਲੇ ਪਿੰਡ ਕਰੀਹਾ ਦੇ ਲੜਕੇ ਵਿਰੁੱਧ ਥਾਣਾ ਨਵਾਂਸ਼ਹਿਰ ਸਿਟੀ ਦੀ ਪੁਲਸ ਕੋਈ ਕਾਰਵਾਈ ਨਹੀਂ ਕਰ ਰਹੀ। ਜਿਸਦੇ ਰੋਸ ਵਜੋਂ ਪਰਵਾਸੀ ਮਜਦੂਰ ਯੂਨੀਅਨ ਅਤੇ ਰੇਹੜੀ ਵਰਕਰ ਯੂਨੀਅਨ (ਇਫਟੂ) ਨਵਾਂਸ਼ਹਿਰ ਵਲੋਂ ਛੇਤੀ ਹੀ ਥਾਣਾ ਨਵਾਂਸ਼ਹਿਰ ਸਿਟੀ ਦੀ ਪੁਲਸ ਵਿਰੁੱਧ ਮੁਜਾਹਰਾ ਕੀਤਾ ਜਾਵੇਗਾ। ਇਹ ਫੈਸਲਾ ਇੱਥੇ ਉਕਤ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਹੋਈ ਮੀਟਿੰਗ ਵਿਚ ਲਿਆ ਗਿਆ। ਪੀੜ੍ਹਤ ਰਾਮ ਪਰਵੇਸ਼ ਨੇ ਦੱਸਿਆ ਕਿ ਉਹ



18 ਅਗਸਤ ਨੂੰ ਰਾਤ ਕਰੀਬ 8 ਵਜੇ ਸਥਾਨਕ ਬੰਗਾ ਰੋਡ ‘ਤੇ ਸਾਇਕਲ ਉੱਤੇ ਆਪਣੇ ਘਰ ਨੂੰ ਜਾ ਰਿਹਾ ਸੀ, ਪਵਨ ਕੁਮਾਰ ਵਾਸੀ ਪਿੰਡ ਕਰੀਹਾ ਨੇ ਤੇਜ ਰਫਤਾਰ ਮੋਟਰਸਾਈਕਲ ਉਸ ਵਿਚ ਮਾਰਿਆ ਜਿਸ ਕਾਰਨ ਉਸਦੇ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ।ਮੋਟਰਸਾਈਕਲ ਸਵਾਰ ਲੜਕਾ ਉੱਥੋਂ ਮੋਟਰਸਾਈਕਲ ਲੈਕੇ ਮੌਕੇ ਤੋਂ ਭੱਜ ਗਿਆ। ਰਾਮ ਪਰਵੇਸ਼ ਦੀ ਯੂਨੀਅਨ ਦੇ ਮੈਂਬਰਾਂ ਨੇ ਉਸਨੂੰ ਸਰਕਾਰੀ ਹਸਪਤਾਲ ਪਹੁੰਚਾਇਆ।ਸਿਰ ਵਿਚ ਜਿਆਦਾ ਸੱਟਾਂ ਲੱਗਣ ਕਾਰਨ ਬਾਅਦ ਵਿੱਚ ਉਸਨੂੰ ਬੇਦੀ ਹਸਪਤਾਲ ਨਵਾਂਸ਼ਹਿਰ ਵਿੱਚ ਦਾਖਲ ਕਰਵਾਇਆ ਗਿਆ। ਜਿੱਥੇ 10 ਦਿਨ ਇਲਾਜ ਕਰਵਾਉਣ ਤੋਂ ਬਾਅਦ ਉਸਨੂੰ ਹਸਪਤਾਲ ਤੋਂ ਛੁੱਟੀ ਮਿਲੀ। ਉਸਨੇ ਦੱਸਿਆ ਕਿ ਡਾਕਟਰਾਂ ਨੇ ਇਸ ਹਾਦਸੇ ਸਬੰਧੀ ਥਾਣਾ ਨਵਾਂਸ਼ਹਿਰ ਸਿਟੀ ਦੀ ਪੁਲਸ ਨੂੰ ਸੂਚਿਤ ਕਰ ਦਿੱਤਾ ਸੀ। ਪਰ ਆਈ.ਓ ਬਲਵੀਰ ਕੁਮਾਰ ਏ ਐਸ ਆਈ ਇਕ ਵਾਰ ਵੀ ਉਸਦੇ ਬਿਆਨ ਲੈਣ ਹਸਪਤਾਲ ਨਹੀਂ ਗਿਆ। ਰਾਮ ਪਰਵੇਸ਼ ਨੇ ਦੱਸਿਆ ਕਿ ਉਸਦੀ ਯੂਨੀਅਨ ਵਾਲਿਆਂ ਨੇ ਮੋਟਰਸਾਈਕਲ ਵਾਲੇ ਲੜਕੇ ਦਾ ਨਾਂਅ ਅਤੇ ਪਤਾ ਪ੍ਰਾਪਤ ਕਰਕੇ ਇਸ ਥਾਣੇਦਾਰ ਨੂੰ ਦਿੱਤਾ। ਇਸ ਥਾਣੇਦਾਰ ਨੇ 29 ਅਗਸਤ ਨੂੰ ਘਟਨਾ ਸਥਾਨ ਦਾ ਦੌਰਾ ਵੀ ਕੀਤਾ। ਉਸਨੇ ਰਾਮ ਪਰਵੇਸ਼ ਨੂੰ ਬਿਆਨ ਦੇਣ ਲਈ 30 ਅਗਸਤ ਨੂੰ ਸਵੇਰੇ 8 ਵਜੇ ਬੁਲਾਇਆ, ਪਰ ਇਹ ਥਾਣੇਦਾਰ ਆਪ ਥਾਣੇ ਨਹੀਂ ਆਇਆ। ਬਾਅਦ ਵਿੱਚ ਇਹ ਥਾਣੇਦਾਰ ਰਾਮ ਪਰਵੇਸ਼ ਉੱਤੇ ਉਲਟਾ ਸਮਝੌਤਾ ਕਰਨ ਲਈ ਦਬਾਅ ਪਾਉਂਦਾ ਰਿਹਾ। ਪਰਵਾਸੀ ਮਜਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ ਨੇ ਦੱਸਿਆ ਕਿ ਰਾਮ ਪਰਵੇਸ਼ ਰੇਹੜੀ ਵਰਕਰ ਯੂਨੀਅਨ ਦਾ ਆਗੂ ਹੈ। ਉਹਨਾਂ ਕਿਹਾ ਕਿ ਜੇਕਰ ਪੁਲਸ ਨੇ ਇਸ ਮਾਮਲੇ ਵਿੱਚ ਦੋਸ਼ੀ ਵਿਰੁੱਧ ਕਾਰਵਾਈ ਨਾ ਕੀਤੀ, ਤਾਂ ਛੇਤੀ ਹੀ ਨਵਾਂਸ਼ਹਿਰ ਵਿੱਚ ਥਾਣਾ ਨਵਾਂਸ਼ਹਿਰ ਦੀ ਪੁਲਿਸ ਵਿਰੁੱਧ ਮੁਜਾਹਰਾ ਕੀਤਾ ਜਾਵੇਗਾ। ਉਹਨਾਂ ਐਸ. ਐਸ. ਪੀ ਸ਼ਹੀਦ ਭਗਤ ਸਿੰਘ ਨਗਰ ਕੋਲੋਂ ਥਾਣੇਦਾਰ ਬਲਵੀਰ ਕੁਮਾਰ ਵਿਰੁੱਧ ਕਾਰਵਾਈ ਕਰਨ ਦੀ ਵੀ ਮੰਗ ਕੀਤੀ ਹੈ।

# ਸਮੂਹ ਸਫਾਈ ਸੇਵਕਾਂ ਵੱਲੋਂ ਪੱਕੇ ਹੋਣ ਦੀ ਖੁਸ਼ੀ ਵਿੱਚ ਮਾਣਯੋਗ ਡਿਪਟੀ ਸਪੀਕਰ ਸ.ਜੈ ਕ੍ਰਿਸ਼ਨ ਸਿੰਘ ਰੌੜੀ ਨੂੰ ਕੀਤਾ ਗਿਆ ਸਨਮਾਨਿਤ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ/ਗੜ੍ਹਸ਼ੰਕਰ 8 ਸਤੰਬਰ (ਬਲਵੀਰ ਚੌਪੜਾ) ਨਗਰ ਕੌਂਸਲ ਗੜ੍ਹਸ਼ੰਕਰ ਵਿਖੇ ਕਾਰਜ ਸਾਧਕ ਅਫ਼ਸਰ ਮਦਨ ਸਿੰਘ ਜੀ ਦੀ ਅਗਵਾਈ ਹੇਠ ਸਮੂਹ ਸਫਾਈ ਸੇਵਕਾਂ ਵੱਲੋਂ ਪੱਕੇ ਹੋਣ ਦੀ ਖੁਸ਼ੀ ਵਿੱਚ ਮਾਣਯੋਗ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ




ਸ. ਜੈ ਕ੍ਰਿਸ਼ਨ ਸਿੰਘ ਰੌੜੀ ਜੀ ਅਤੇ ਕਾਰਜਕਾਰੀ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ ਮਾਨ ਜੀ ਨੂੰ ਸਨਮਾਨਿਤ ਕੀਤਾ ਗਿਆ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਮੂਹ ਕੌਂਸਲਰ ਸਹਿਬਾਨਾਂ ਵਲੋਂ ਡਿਪਟੀ ਸਪੀਕਰ ਸ .ਜੈ ਕ੍ਰਿਸ਼ਨ ਸਿੰਘ ਰੌੜੀ ਦਾ ਵਿਸ਼ੇਸ਼ ਤੌਰ ਧੰਨਵਾਦ ਕੀਤਾ ਗਿਆ , ਜਿਹਨਾਂ ਵਿੱਚ ਸੀਨੀਅਰ ਮੀਤ ਪ੍ਰਧਾਨ ਕ੍ਰਿਪਾਲ ਪਾਲਾ , ਸੁਮਿਤ ਸੋਨੀ, ਦੀਪਕ ਕੁਮਾਰ, ਹਰਪ੍ਰੀਤ ਸਿੰਘ , ਸ੍ਰੀਮਤੀ ਭਾਵਨਾ ਕ੍ਰਿਪਾਲ, ਸ਼ਾਮਿਲ ਸਨ। ਇਹਨਾਂ ਤੋਂ ਇਲਾਵਾ ਸ਼ਹਿਰ ਦੇ ਨੰਬਰਦਾਰ ਸ੍ਰੀ ਹਰਿੰਦਰ ਸਿੰਘ ਮਾਨ , ਚੇਅਰਮੈਨ ਬਲਦੀਪ ਸਿੰਘ ਸੈਣੀ, ਸਾਬਕਾ ਸਰਪੰਚ ਤਰਸੇਮ ਰਾਣਾ ਰਾਮਪੁਰ (ਬਿਲੜੋਂ), ਦਲਵੀਰ ਸਿੰਘ ਰਾਜੂ , ਲੇਖ ਰਾਜ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਗੜ੍ਹਸ਼ੰਕਰ ਦਾ ਸਮੂਹ ਸਟਾਫ ਦੇ ਕਰਮਚਾਰੀ ਹਾਜ਼ਰ ਸਨ।

# ਐਸ.ਸੀ ਸਿਖਿਆਰਥੀਆਂ ਲਈ ਮੁਫ਼ਤ ਡੇਅਰੀ ਸਿਖਲਾਈ ਕੋਰਸ ਦਾ ਪਹਿਲਾ ਬੈਚ 15 ਸਤੰਬਰ ਤੋਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਸਤੰਬਰ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਡੇਅਰੀ ਵਿਕਾਸ ਵਿਭਾਗ, ਪੰਜਾਬ ਵਲੋਂ ਐਸ.ਸੀ ਉਮੀਦਵਾਰਾਂ ਲਈ 2 ਹਫ਼ਤੇ ਮੁਫ਼ਤ ਡੇਅਰੀ ਸਿਖਲਾਈ ਕੋਰਸ 15 ਸਤੰਬਰ ਤੋਂ ਡੇਅਰੀ ਸਿਖਲਾਈ ਕੇਂਦਰ, ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਹਰਵੰਤ ਸਿੰਘ ਨੇ ਦੱਸਿਆ ਕਿ ਇਸ ਸਿਖਲਾਈ ਪ੍ਰੋਗਰਾਮ ਵਿੱਚ ਦੁਧਾਰੂ ਪਸ਼ੂਆਂ ਦੀ ਖਰੀਦ ਤੋਂ ਲੈ ਕੇ ਰੱਖ-ਰਖਾਅ,ਖਾਧ-ਖੁਰਾਕ,ਨਸਲ ਸੁਧਾਰ, ਸਾਂਭ-ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਿਖਿਆਰਥੀਆਂ ਦੀ ਚੋਣ ਜ਼ਿਲ੍ਹਾ ਪੱਧਰੀ ਕਮੇਟੀ ਵਲੋਂ ਕੀਤੀ ਜਾਵੇਗੀ। ਇਸ ਸਬੰਧੀ ਅਨੁਸੂਚਿਤ ਜਾਤੀ ਦੇ ਵਿਅਕਤੀ(ਮਰਦ/ਔਰਤ) ਜਿਨ੍ਹਾ ਦੀ ਉਮਰ 18 ਤੋਂ 55 ਸਾਲ ਦੇ ਵਿੱਚ ਹੋਵੇ, ਪੰਜਵੀਂ ਪਾਸ ਹੋਵੇ, ਪੇਂਡੂ ਪਿਛੋਕੜ ਨਾਲ ਸਬੰਧ ਰੱਖਦਾ ਹੋਵੇ 12 ਸਤੰਬਰ ਤੱਕ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਮਿੰਨੀ ਸਕੱਤਰੇਤ, ਚੌਥੀ ਮੰਜ਼ਿਲ, ਕਮਰਾ ਨੰਬਰ 439 ਵਿਖੇ ਆਪਣਾ ਅਧਾਰ ਕਾਰਡ, ਯੋਗਤਾ ਸਰਟੀਫਿਕੇਟ,ਅਨੁਸੂਚਿਤ ਜਾਤੀ ਸਰਟੀਫਿਕੇਟ ਲੈ ਕੇ ਫਾਰਮ ਭਰ ਸਕਦੇ ਹਨ। ਟ੍ਰੇਨਿੰਗ ਉਪਰੰਤ ਸਿਖਿਆਰਥੀਆਂ ਨੂੰ 3500 ਰੁਪਏ ਵਜੀਫਾ ਵੀ ਦਿੱਤਾ ਜਾਵੇਗਾ। ਸਿਖਲਾਈ ਪ੍ਰਾਪਤ ਉਮੀਦਵਾਰਾਂ ਨੂੰ 2,5 ਅਤੇ 10 ਦੁਧਾਰੂ ਪਸ਼ੂਆਂ ਦੀ ਖਰੀਦ ਤੇ 33 ਫੀਸਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਫੋਨ ਨੰਬਰ 01882-220025 ਅਤੇ 9872277136 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਗਿਣੀ ਮਿਥੀ ਸਾਜ਼ਿਸ਼ ਤਹਿਤ ਪੰਜਾਬ ਨੂੰ ਹੜ੍ਹਾਂ 'ਚ ਡੋਬ ਕੇ ਮਨਰੇਗਾ ਮਜ਼ਦੂਰ ਕੀਤੇ ਵਿਹਲੇ,,,,ਸਮਾਓ

"Equality and justice"
Patiala 08 September
INTERNATIONAL PAPER, 94636 01616
hardipchumber57@gmail.com

ਮਾਨਸਾ 8ਸਤੰਬਰ (ਆਤਮਾ ਸਿੰਘ ਪਮਾਰ)

ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸਾਜ਼ਿਸ਼ ਤਹਿਤ ਪੰਜਾਬ ਨੂੰ ਹੜ੍ਹਾਂ 'ਚ ਡੋਬ ਕੇ ਮਨਰੇਗਾ ਕੰਮ ਬੰਦ ਕਰਕੇ ਗਰੀਬਾਂ ਨੂੰ ਬੇਰੁਜ਼ਗਾਰ ਕੀਤਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਏਂ ਡੀ ਸੀ ਵਿਕਾਸ ਦਫਤਰ ਅੱਗੇ ਮਨਰੇਗਾ ਕਾਨੂੰਨ ਦੇ ਬੰਦ ਕੀਤੇ ਕੰਮਾਂ ਨੂੰ ਮੁੜ ਚਾਲੂ ਕਰਾਉਣ ਲਈ ਜਾਰੀ ਪੱਕੇ ਮਜ਼ਦੂਰ ਮੋਰਚੇ ਦੇ 25 ਵੇਂ ਦਿਨ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਅਤੇ ਭੀਮ ਆਰਮੀ ਪੰਜਾਬ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਹਜ਼ਾਰਾਂ ਮਜ਼ਦੂਰਾਂ ਨੇ ਮਨਰੇਗਾ ਬਚਾਓ ਤੇ ਪੇਂਡੂ ਵਿਕਾਸ ਬਚਾਓ ਦੇ ਨਾਅਰੇ ਹੇਠ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕੀਤਾ।ਇਸ ਮੌਕੇ ਏ ਡੀ ਸੀ ਵਿਕਾਸ ਦਫ਼ਤਰ ਤੋਂ ਜ਼ਿਲ੍ਹਾ ਕਚਿਹਰੀ ਤੱਕ ਰੋਸ ਮਾਰਚ ਕਰਕੇ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਮੁੱਖ ਮੰਤਰੀ



ਪੰਜਾਬ ਨੂੰ ਮੰਗ ਪੱਤਰ ਵੀ ਭੇਜਿਆ।ਇਸ ਦੌਰਾਨ ਮੰਗ ਕੀਤੀ ਕਿ ਮਗਨਰੇਗਾ ਦੇ ਬੰਦ ਕੀਤੇ ਕੰਮ ਤੁਰੰਤ ਬਹਾਲ ਕੀਤੇ ਜਾਣ, ਹੜ੍ਹਾਂ ਅਤੇ ਬਰਸਾਤ ਕਾਰਨ ਮਜ਼ਦੂਰਾਂ ਦੇ ਨੁਕਸਾਨੇ ਘਰਾਂ ਅਤੇ ਕਿਸਾਨਾਂ ਦੀ ਤਬਾਹ ਹੋਈ ਫ਼ਸਲ ਦਾ ਢੁਕਵਾਂ ਮੁਆਵਜ਼ਾ ਤੁਰੰਤ ਦਿੱਤਾ ਜਾਵੇ। ਹੜ੍ਹਾਂ ਅਤੇ ਬਰਸਾਤ ਦੇ ਕਾਰਨ ਮਰਨ ਵਾਲੇ ਮਜ਼ਦੂਰਾਂ ਦੇ ਪੀੜਤ ਪਰਿਵਾਰਾਂ ਨੂੰ ਦਸ ਦਸ ਲੱਖ ਰੁਪਏ ਮੁਆਵਜ਼ਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਮਜ਼ਦੂਰਾਂ ਕਿਸਾਨਾਂ ਦੇ ਹੜ੍ਹਾਂ ਕਾਰਨ ਮਰੇ ਪਸ਼ੂਆਂ ਅਤੇ ਮਾਲ ਡੰਗਰ ਦੇ ਨੁਕਸਾਨ ਦਾ ਵੀ ਮੁਆਵਜ਼ਾ ਦਿੱਤਾ ਜਾਵੇ।ਪੰਜਾਬ ਦੇ ਮਜ਼ਦੂਰਾਂ, ਗਰੀਬ ਕਿਸਾਨਾਂ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਵੀ ਮੁਆਫ਼ ਕੀਤਾ ਜਾਵੇ।ਇਸ ਸਮੇਂ ਮਜ਼ਦੂਰ ਰੈਲੀ ਵਿੱਚ ਇੱਕ ਦਰਜਨ ਪਿੰਡਾਂ ਦੇ ਸਰਪੰਚਾਂ ਸਮੇਤ ਕਿਸਾਨ ਆਗੂਆਂ ਅਤੇ ਬੁਢਲਾਡਾ ਹਲਕੇ ਦੇ ਸਾਬਕਾ ਵਿਧਾਇਕ ਮੰਗਤ ਰਾਮ ਬਾਂਸਲ ਨੇ ਵੀ ਰੈਲੀ ਵਿੱਚ ਪਹੁੰਚਕੇ ਮਜ਼ਦੂਰ ਸੰਘਰਸ਼ ਦੀ ਹਮਾਇਤ ਕੀਤੀ। ਰੈਲੀ ਨੂੰ ਸੰਬਧਨ ਕਰਦਿਆਂ , ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਭੀਮ ਆਰਮੀ ਦੇ ਜ਼ਿਲ੍ਹਾ ਪ੍ਰਧਾਨ ਪ੍ਰਦੀਪ ਗੁਰੂ ਨੇ ਕਿਹਾ ਕਿ ਸਰਕਾਰ ਵੱਲੋਂ ਮਨਰੇਗਾ ਕੰਮ ਬੰਦ ਕਰਨ ਦਾ ਹੀ ਨਤੀਜਾ ਹੈ ਕਿ ਅੱਜ ਜਿੱਥੇ ਮਜ਼ਦੂਰਾਂ ਦੇ ਚੁੱਲ੍ਹੇ ਠੰਡੇ ਹੋਣ ਨਾਲ ਪੇਂਡੂ ਵਿਕਾਸ ਵੀ ਠੱਪ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਦਾ ਜਾਇਜ਼ਾ ਲੈਣ ਪੁੱਜੇ ਕੇਂਦਰੀ ਮੰਤਰੀ ਵੱਲੋਂ ਦਿੱਤੇ ਬਿਆਨ ਤੋਂ ਭਾਜਪਾ ਦੀ ਪੰਜਾਬ ਪ੍ਰਤੀ ਨਫ਼ਰਤ ਦੀ ਤਸਵੀਰ ਸਾਫ ਹੋ ਗਈ ਹੈਂ। ਉਨ੍ਹਾਂ ਕਿਹਾ ਕਿ ਮਨਰੇਗਾ ਰੁਜ਼ਗਾਰ ਨੂੰ ਬਚਾਉਣ ਲਈ ਮਜ਼ਦੂਰ ਸਮਾਜ ਪਾਰਟੀਬਾਜੀ ਤੋਂ ਉਪਰ ਉੱਠ ਜਥੇਬੰਦ ਹੋਣ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨੇ ਮਨਰੇਗਾ ਰੁਜ਼ਗਾਰ ਬੰਦ ਕਰਕੇ ਦਲਿਤਾਂ ਨੂੰ ਮੁੜ ਗੁਲਾਮ ਬਣਾਉਣਾ ਚਾਹੁੰਦੀ ਹੈ। ਇਸ ਮੌਕੇ ਜ਼ਿਲ੍ਹਾ ਸਕੱਤਰ ਮਨਜੀਤ ਕੌਰ ਜੋਗਾ,ਮਿੱਡ ਡੇ ਮੀਲ ਵਰਕਰ ਯੂਨੀਅਨ ਆਜ਼ਾਦ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ, ਰੇਸਮ ਸਿੰਘ ਸਰਪੰਚ ਨੰਗਲ ਕਲਾਂ, ਨਿਰਮਲ ਸਿੰਘ ਸਰਪੰਚ ਖਿੱਲਣ, ਸ਼ਿੰਦਰ ਸਿੰਘ ਸਰਪੰਚ ਖੋਖਰ ਕਲਾਂ, ਜਸਵੀਰ ਸਿੰਘ ਸਰਪੰਚ ਡੇਲੂਆਣਾ, ਅਮਰਜੀਤ ਸਿੰਘ ਸਰਪੰਚ ਨਵਾਗਾਓ, ਗਾਮੀਵਾਲਾ, ਬੀਕੇਯੂ ਸਿੱਧੂਪੁਰ ਦੇ ਜ਼ਿਲ੍ਹਾ ਆਗੂ ਸੁਖਦੇਵ ਕੋਟਲੀ, ਬੀਕੇਯੂ ਮਾਲਵਾ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਜੌੜੀਆਂ, ਸੱਤਪਾਲ ਸਿੰਘ ਬਹਿਣੀਵਾਲ, ਗੁਲਾਬ ਸਿੰਘ ਖੀਵਾ, ਭੋਲ਼ਾ ਸਿੰਘ ਝੱਬਰ, ਲੋਕ ਗਾਇਕ ਸੁਖਵੀਰ ਸਿੰਘ ਖ਼ਾਰਾਂ, ਮੇਲਾ ਸਿੰਘ ਮੋਹਰ ਸਿੰਘ ਵਾਲਾ, ਧਰਮ ਸਿੰਘ ਖਾਲਸਾ, ਜੱਗੂ ਸਿੰਘ ਖਡਾਲ, ਆਦਿ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ।

# ਸੋਢੀ ਵਕੀਲਾਂ ਦੇ ਯਤਨਾਂ ਨਾਲ ਸਾਈਬਰ ਠੱਗੀ ਦੀ ਦੋਸ਼ੀ ਪੂਜਾ ਤਨੇਜਾ ਦੀ ਮਾਨਯੋਗ ਅਦਾਲਤ ਵਲੋਂ ਜਮਾਨਤ ਮਨਜ਼ੂਰ

"Equality and justice"
Patiala 08 September
INTERNATIONAL PAPER, 94636 01616
hardipchumber57@gmail.com

ਐਸ.ਏ.ਐਸ. ਨਗਰ ( ) ਮਾਨਯੋਗ ਅਦਾਲਤ ਵਧੀਕ ਮੁੱਖ ਨਿਆਇਕ ਮੈਜਿਸਟਰੇਟ ਵਲੋਂ ਹਰਿੰਦਰਪਾਲ ਸਿੰਘ ਸੋਢੀ ਐਡਵੋਕੇਟ ਹਰਪ੍ਰੀਤ ਸਿੰਘ ਸੋਢੀ ਐਡਵੋਕੇਟ ਦੇ ਯਤਨਾ ਨਾਲ ਸਾਇਬਰ ਠੱਗੀ ਨਾਲ ਸਬੰਧਤ ਦੋਸ਼ੀਆਂ ਵਿਚੋਂ ਪੂਜਾ ਤਨੇਜਾ ਕਰਨਾਲ ਵਾਸੀ ਦੀ ਜਮਾਨਤ ਮਨਜ਼ੂਰ ਕਰ ਲਈ ਗਈ ਹੈ। ਸੋਢੀ ਬ੍ਰਦਰਜ ਐਡਵੋਕੇਟ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਆਦਿਤਿਆ ਨੰਦਨ ਵਾਸੀ ਬਿਹਾਰ ਹਾਲ ਵਾਸੀ ਮਕਾਨ ਨੰਬਰ 2667, ਸੰਨੀ ਇਨਕਲੇਵ ਖਰੜ ਦੇ ਬਿਆਨਾਂ ਦੇ ਆਧਾਰ ਤੇ ਮੁਕਦਮਾ ਨੰਬਰ 29 ਮਿਤੀ 06—06—



